# ਸੋਧ

ਜੁਲਾਈ 1981 (ਜਿਲਦ 10 ਨੰਬਰ 7)

**July 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਚਾਹਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

- ਪੰਥਕ ਜਥੇਬੰਦੀ ਤੇ ਗੁਰਮਤਾ : ਭਾਰਤੀ ਅਤੇ ਪੱਛਮੀ ਪਰੰਪਰਾਵਾਂ ਦੇ ਪ੍ਰਸੰਗ ਵਿਚ ਸੰਗਠਨ ਦਾ ਸਿੱਖ ਸੰਕਲਪ
- ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਮੁਢਲੇ ਸਿੱਟੇ
- ਇਤਿਹਾਸ ਤੇ ਵਿਅਕਤੀ ਦਾ ਰੋਲ
- ਸ਼੍ਰੋਮਣੀ ਅਕਾਲੀ ਦਲ (ਲ) ਅਤੇ 'ਖੇਤ ਮਜ਼ਦੂਰ'

ਅਤੇ ਹੋਰ ਲੇਖ

**SEDH** **Vol. 10, No. 7**
**July, 1981** **Price : Rs 2.00**

**Edited, Printed & Published by Gurvel Singh Pannu, A/42, Defence Colony, New Delhi-110024, Ph. No. 626300 Printed at 'DIMPLE PRINTERS', Guru Nanak Gali, Gandhi Nagar, Delhi-110031**

ਸੇਧ ਦੇ ਕੁਝ ਕੁ ਚੋਣਵੇਂ ਏਜੰਟ

1. ਸਵਰਨ ਸਿੰਘ ਚਰਨ ਸਿੰਘ, ਨਿਊਜ਼ਪੇਪਰ ਏਜੰਟਸ, ਹਾਲ ਗੇਟ, ਅੰਮ੍ਰਿਤਸਰ
2. ਸ਼ਹੀਦ ਭਗਤ ਸਿੰਘ ਬੁਕ ਸੈਂਟਰ, ਬੱਸ ਅੱਡਾ, ਹਰਪੁਰ ਧੰਦੋਈ
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
4. ਗਗਨ ਬੁੱਕ ਸੈਂਟਰ, ਨਿਕੋਦਰ
5. ਕਮਲ ਬੁਕ ਡਿਪੋ, ਬੱਸ ਅੱਡਾ, ਪਟਿਆਲਾ
6. ਮਦਾਨ ਬੁੱਕ ਡਿਪੋ, ਅਦਾਲਤ ਬਾਜ਼ਾਰ, ਪਟਿਆਲਾ
7. ਪ੍ਰਕਾਸ਼ ਨਾਵਲ ਸਟੋਰ, ਨਜ਼ਦੀਕ ਬੱਸ ਅੱਡਾ, ਜਲੰਧਰ ਸ਼ਹਿਰ
8. ਚੂਹੜ ਮਲ ਮੁਹਿੰਦਰਪਾਲ ਬਾਂਸਲ, ਬੱਸ ਅੱਡਾ, ਬਰਨਾਲਾ
9. ਜੇਨ ਸਟੋਰਜ਼, ਐਸ. ਸੀ. ਓ 1136, 22 ਬੀ, ਚੰਡੀਗੜ੍ਹ
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, ਨਵੀਂ ਦਿੱਲੀ
11. ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
12. ਵਰਮਾ ਬੁੱਕ ਡਿਪੋ, ਰੇਲਵੇ ਰੋਡ, ਬਠਿੰਡਾ
13. ਇੰਗਲਿਸ਼ ਬੁੱਕ ਡਿਪੋ, 22-ਡੀ ਸੈਕਟਰ, ਚੰਡੀਗੜ੍ਹ
14. ਪ੍ਰੋਗ੍ਰੈਸਿਵ ਬੁੱਕ ਸੈਂਟਰ, ਬੱਸ ਅੱਡਾ, ਮਾਨਸਾ
15. ਖਾਲਸਾ ਨਿਊਜ਼ ਏਜੰਸੀ, ਮੋਗਾ
16. ਮਦਨ ਬੁਕ ਸਟਾਲ, ਅੱਡਾ ਪੰਜਾਬ ਰੋਡਵੇਜ਼, ਹੁਸ਼ਿਆਰਪੁਰ
17. ਸੁਰਿੰਦਰ ਨੀਊਜ਼ ਏਜੰਸੀ, ਬੱਸ ਅੱਡਾ ਜਗਰਾਓਂ
18. ਵਿਨੋਦ ਬੁੱਕ ਸਟਾਲ, ਬੱਸ ਅੱਡਾ, ਸੰਗਰੂਰ
19. ਗੁਪਤਾ ਨਿਊਜ਼ ਏਜੰਸੀ, ਫਰੀਦਕੋਟ
20. ਨਈਅਰ ਬੁਕ ਸਟਾਲ, ਬੱਸ ਅੱਡਾ, ਲੁਧਿਆਣਾ
21. ਇੰਟਰਨੈਸ਼ਨਲ ਬੁਕ ਸੈਂਟਰ, 41, ਸੈਕਟਰ 17 ਏ, ਚੰਡੀਗੜ੍ਹ
22. ਪੀਪਲਜ਼ ਬੁੱਕ ਸੈਂਟਰ, ਮੋਗਾ
23. ਕੁਲੈਕਟਿਵ ਬੁੱਕ ਸਰਵਿਸ, ਐਸ. ਸੀ. ਓ. 57-59, ਸੈਕਟਰ 17 ਸੀ, ਚੰਡੀਗੜ੍ਹ
24. ਪਬਲਿਕ ਨਿਊਜ਼ ਏਜੰਸੀ, ਜੈਤੋ
25. ਪ੍ਰਵੀਨ ਬੁੱਕ ਡਿਪੋ, ਭਗਤਾ ਭਾਈ ਕਾ




o ਆਏ ਇਨਕਲਾਬ ਕੁਰਾਹੇ ਕਿਉਂ ?—24
ਸਿਆਸੀ ਵਿਚਾਰਧਾਰਕ ਲਾਈਨ ਦੀ ਅਹਿਮੀਅਤ (3) — ਕਿਸ਼ਨ ਸਿੰਘ

o ਪੰਥਕ ਜਥੇਬੰਦੀ ਤੇ ਗੁਰਮਤਾ : ਭਾਰਤੀ ਤੇ ਪੱਛਮੀ ਪਰੰਪਰਾਵਾਂ ਦੇ ਪ੍ਰਸੰਗ ਵਿਚ ਸੰਗਠਨ ਦਾ ਸਿੱਖ ਸੰਕਲਪ (11) — ਡਾ. ਜਸਬੀਰ ਸਿੰਘ ਆਹਲੂਵਾਲੀਆ

o ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਮੁਢਲੇ ਸਿੱਟੇ (21) — ਪਰੇਮ ਸਿੰਘ

o ਰਚਨਾ ਦਾ ਵਿਸ਼ਲੇਸ਼ਣ (30) — ਸੁਤਿੰਦਰ ਸਿੰਘ ਨੂਰ

o ਇਤਿਹਾਸ ਤੇ ਵਿਅਕਤੀ ਦਾ ਰੋਲ (34) — ਹਿੰਮਤ ਸਿੰਘ ਸੋਢੀ

o ਸ਼੍ਰੋਮਣੀ ਅਕਾਲੀ ਦਲ (ਲ) ਅਤੇ ਖੇਤ-ਮਜ਼ਦੂਰ (40) — ਏ. ਪੀ. ਸਿੰਘ

o ਨਿਘਾਰ ਦੇ ਰਾਹ ਪਿਆ "ਨਾਟਕਕਾਰ ਦਾ ਰੰਗ ਮੰਚ" (46) — ਜਗਦੀਸ਼ ਕੌਸ਼ਲ

o ਲੇਖਕ/ਪਾਠਕ ਕਹਿੰਦੇ ਹਨ (48) — ਹਿੰਮਤ ਸਿੰਘ ਸੋਢੀ, ਕੁਲਵੰਤ ਰੁਮਾਣਾ, ਅਜਮੇਰ ਸਿੰਘ ਔਲਖ, ਗੁਰਮੇਲ ਮਡਾਹੜ, ਜਸਪਾਲ ਸਿੰਘ ਮਾਨ ਅਤੇ ਅਮਿੰਦਰ ਪਾਲ ਸਿੰਘ, ਬੁਢਲਾਡਾ

**WE LIKE TO PLAY**

**THE SECOND FIDDLE**



**YES !**

In the bakery industry we play the second fiddle, and we enjoy it. We do not make bread—but we make the bread baking tins—and we stay right in tune.
NOOR leak proof bread baking tins keep the conveyor lines clean. Less down time means more production.
And, if you too want to set new records in production, why not use NOOR leak proof tins.

Please write to :

**NOOR INTERNATIONAL**

NOOR BHAWAN
AN-16 New Vishnu Garden Extention
New Delhi-110018 Phone : 587661





## ਸਿਆਸੀ ਵਿਚਾਰਧਾਰਕ ਲਾਈਨ ਦੀ ਅਹਿਮੀਅਤ

ਕਿਸ਼ਨ ਸਿੰਘ

ਜਮਾਤੀ ਟਕਰਾਅ ਭਾਵੇਂ ਨੀਂਹ ਦੇ ਖੇਤਰ ਦਾ ਹੋਵੇ, ਫੈਸਲਾ ਉਸ ਦਾ ਜਮਾਤੀ ਜਦੋ-ਜਹਿਦ ਰਾਹੀਂ ਹੁੰਦਾ ਹੈ, ਉਸਾਰ ਦੇ ਖੇਤਰ ਵਿਚ ਹੁੰਦਾ ਹੈ; ਵਿਚਾਰਧਾਰਕ, ਸਿਆਸੀ ਲਾਈਨਾਂ ਦੇ ਆਪਸ ਵਿਚ ਟਕਰਾਅ ਰਾਹੀਂ ਹੁੰਦਾ ਹੈ। ਇਸ ਦਾ ਅਰਥ ਕੀ ਹੈ ? ਇਸ ਦਾ ਅਰਥ ਹੈ—ਉਸਾਰ ਦਾ ਰੋਲ। ਵਿਚਾਰਧਾਰਾ ਦਾ ਰੋਲ ਅਤੇ ਉਸ 'ਤੇ ਆਧਾਰਤ ਸਿਆਸਤ ਦਾ ਰੋਲ। ਜਮਾਤੀ ਜਦੋ-ਜਹਿਦ ਵਾਸਤੇ ਆਪਣੇ ਪਰਾਏ ਦੀ ਪਰਖ ਬੁਨਿਆਦੀ ਚੀਜ਼ ਹੈ। ਸਮਾਜ ਦੇ ਜਮਾਤੀ ਵਿਸ਼ਲੇਸ਼ਨ ਦੀ ਅਹਿਮੀਅਤ ਸਪਸ਼ਟ ਹੈ। ਸਮਾਜ ਦੀਆਂ ਜਮਾਤਾਂ ਦੇ, ਖਾਸ ਤਬਕਿਆਂ ਦੇ, ਲੀਡਰਸ਼ਿਪ ਦੇ ਜਮਾਤੀ ਰੋਲ ਨੂੰ ਪਛਾਣਿਆਂ ਬਗ਼ੈਰ ਗੱਲ ਬਣ ਨਹੀਂ ਸਕਦੀ।

ਇਨਕਲਾਬ ਦੇ ਆਇਆਂ ਵੀ ਮੰਡੀ ਵਾਸਤੇ ਜਿਨਸਾਂ ਦੀ ਪੈਦਾਵਾਰ ਜਾਰੀ ਰਹਿੰਦੀ ਹੈ, ਵਾਧੂ ਕਦਰ ਦਾ ਕਾਨੂੰਨ ਵੀ ਖਤਮ ਨਹੀਂ ਹੋ ਜਾਂਦਾ। ਕੰਮ ਦੀ ਪਰੇਰਨਾ ਵੀ ਪੈਸਾ ਹੀ ਰਹਿੰਦੀ ਹੈ ਅਤੇ ਕੰਮ ਦੀ ਵੰਡ ਵੀ ਬੁਰਜੂਆ। ਮਤਲਬ ਹੈ ਤਿੰਨੇ ਵੱਡੇ ਵਿਰੋਧ ਬਰਕਰਾਰ ਰਹਿੰਦੇ ਹਨ। ਇਹ ਹੈ ਪਦਾਰਥਕ ਨੀਂਹ, ਸਮਾਜਵਾਦ ਵਿਚ ਬੁਰਜੂਆ ਰਿਸ਼ਤਿਆਂ ਵਾਸਤੇ, ਤੇ ਸਰਮਾਏਦਾਰੀ ਦੇ ਮੁੜ ਬਹਾਲ ਹੋਣ ਵਾਸਤੇ। ਸਵਾਲ ਹੈ ਕਿ ਕੀ ਇਹਨਾਂ ਦਾ ਜ਼ੋਰ ਅਜਿੱਤ ਹੈ ? ਕੀ ਸਮਾਜਕ ਵੇਗ ਵਿਚ ਹਰ ਵਕਤ ਨੀਂਹ ਐਨੀ ਭਾਰੂ ਹੈ ਕਿ ਉਸ ਦੀ ਕੀਤੀ ਦੇ ਖਿਲਾਫ ਉਸਾਰ ਖੜੋ ਹੀ ਨਹੀਂ ਸਕਦਾ ? ਕੀ ਪੈਦਾਵਾਨ ਦੇ ਰਿਸ਼ਤਿਆਂ ਦੀ ਕੀਤੀ ਵਿੱਧਮਾਤਾ ਦੇ ਅੱਖਰ ਹਨ ਕਿ ਉਹਨਾਂ ਦੀ ਕੀਤੀ ਨੂੰ ਉਸਾਰ ਅਦੂਲ ਹੀ ਨਹੀਂ ਸਕਦਾ ? ਕੀ ਪੈਦਾਵਾਰ ਦੇ ਵੇਗ ਵਿਚ ਬੰਦੇ ਦੀ ਪੁਜ਼ੀਸ਼ਨ ਦੀ ਕਰਨੀ ਪੱਥਰ 'ਤੇ ਲਕੀਰ ਹੈ ਕਿ ਉਹ ਉਸਾਰ ਦੀ ਮਿਟਾਈ ਮਿਟ ਹੀ ਨਹੀਂ ਸਕਦੀ ?

ਨੀਂਹ ਦੀ, ਪੈਦਾਵਾਰ ਦੇ ਰਿਸ਼ਤਿਆਂ ਦੀ ਕੀਤੀ ਹੀ ਜੇ ਅੰਤਮ ਅੱਖਰ ਹੋਵੇ, ਤਾਂ ਨਾ ਸਮਾਜਵਾਦੀ ਇਨਕਲਾਬ ਆ ਸਕਦਾ ਹੈ ਤੇ ਨਾ ਇਸ ਇਨਕਲਾਬ ਦੇ ਆਇਆਂ ਵੀ ਸਮਾਜਵਾਦ ਉੱਸਰ ਸਕਦਾ ਹੈ। ਸਮਾਜਵਾਦੀ ਇਨਕਲਾਬ ਜਾਂ ਸਮਾਜਵਾਦ ਦੀ ਉਸਾਰੀ ਵਾਸਤੇ ਪੈਦਾਵਾਰ ਦੇ ਰਿਸ਼ਤਿਆਂ ਵਲੋਂ ਤਾਂ ਰਾਹ ਖੁਲ੍ਹਦਾ ਹੀ ਨਹੀਂ। ਫਰਜ਼ ਕਰੋ ਪੈਦਾਵਾਰ ਦੀਆਂ ਸ਼ਕਤੀਆਂ ਕਾਬਜ਼ ਬੁਰਜੂਆ ਰਿਸ਼ਤਿਆਂ ਦੇ

ਖਿਲਾਫ ਟਕਰਾਉਣ ਵੀ, ਆਪਣੇ ਆਪ, ਵਰਕਰ ਜਮਾਤ ਵੀ, ਉਸਾਰ ਦੀ ਮੁਦਾਖ਼ਲਤ ਤੋਂ ਬਗ਼ੈਰ ਉਹ ਉਹਨਾਂ ਨੂੰ ਬਦਲ ਨਹੀਂ ਸਕਦੀਆਂ। ਜੇ ਪੈਦਾਵਾਰ ਦੇ ਰਿਸ਼ਤਿਆਂ ਦੀ ਕੀਤੀ ਹੀ ਹਰਫੇ-ਆਖਿਰ ਹੋਵੇ ਤਾਂ ਵਰਕਰ ਜਮਾਤ ਦੇ ਮੁਦਾਖਲਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਨੂੰ ਤਾਂ ਪੈਦਾਵਾਰ ਦੇ ਬੁਰਜੁਆ ਰਿਸ਼ਤੇ ਆਪਣੇ ਅਨੁਸਾਰੀ ਢਾਲਦੇ, ਆਪਣੀ ਪੰਜਾਲੀ ਜੋਂਦੇ ਹਨ। ਉਹ ਇਹਨਾਂ ਰਿਸ਼ਤਿਆਂ ਦੇ ਵਿਰੋਧੀ ਕਿਵੇਂ ਹੋਵੇ ? ਇਸ ਤੋਂ ਉਪਰੰਤ ਜੇ ਉਸਾਰ ਵਜੂਦੋਂ ਹੀ ਨੀਂਹ ਨਾਲੋਂ ਹਲਕਾ ਹੋਵੇ ਤਾਂ ਉਸ ਦੀ ਮੁਦਾਖਲਤ ਜੇ ਹੋਵੇ ਵੀ ਉਹ ਖੋਹਣ ਕੀ ਖੋਹਵੇਗੀ ? ਸਮਾਜਵਾਦੀ ਇਨਕਲਾਬ ਆਏ ਹਨ। ਸੋ ਸਪਸ਼ਟ ਹੈ ਕਿ ਨਾ ਹੀ ਨੀਂਹ ਦੀ, ਪੈਦਾਵਾਰ ਦੇ ਰਿਸ਼ਤਿਆਂ ਦੀ ਕੀਤੀ ਹੀ ਫੈਸਲਾਕੁਣ ਹੁੰਦੀ ਹੈ ਅਤੇ ਨਾ ਹੀ ਉਸਾਰ ਵਜੂਦੋਂ ਹੀ ਐਨਾ ਹਲਕਾ ਹੈ ਕਿ ਉਹ ਪੈਦਾਵਾਰ ਦੇ ਰਿਸ਼ਤਿਆਂ ਦੀ ਕੀਤੀ ਨੂੰ ਬਦਲ ਨਾ ਸਕਦਾ ਹੋਵੇ। ਪਰੰਤੂ ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਨੂੰ ਉਸਾਰ ਅਜੇ ਤਕ ਬਦਲ ਕਿਉਂ ਨਹੀਂ ਸਕਿਆ ? ਕਿਉਂ ਆਏ ਇਨਕਲਾਬ ਕੁਰਾਹੇ ਪੈ ਗਏ ਹਨ ? ਇਹ ਵਖਰਾ **ਸਵਾਲ** ਹੈ।

ਬੰਦੇ ਦੀ ਬਣਤਰ ਸਮਾਜਕ ਰਿਸ਼ਤਿਆਂ ਦੀ, ਉਹਨਾਂ ਰਾਹੀਂ ਹੁੰਦੇ ਅਮਲ ਦੀ ਸਿਰਜਣਾ ਹੈ, ਅਤੇ ਬੰਦਾ ਸਮਾਜਕ ਰਿਸ਼ਤਿਆਂ ਦਾ ਮਜਮੂਹਾ ਹੈ—ਇਹ ਗੱਲ ਅਸੀਂ ਵਾਰ ਵਾਰ ਕਹਿੰਦੇ ਆਏ ਹਾਂ ਅਤੇ ਇਹ ਠੀਕ ਵੀ ਹੈ। ਆਮ ਤੌਰ 'ਤੇ ਸਾਰੇ ਸਮਾਜਕ ਰਿਸ਼ਤੇ ਇਕੋ ਰੱਸੇ ਵਗਦੇ ਹਨ ਅਤੇ ਜਦੋਂ ਕਾਬਜ਼ ਨਿਜ਼ਾਮ ਆਪਣੀ ਭਰ ਜਵਾਨੀ ਵਿਚ ਹੋਵੇ, ਬਾਕੀ ਰਿਸ਼ਤੇ ਪੈਦਾਵਾਰ ਦੇ ਰਿਸ਼ਤਿਆਂ ਮਗਰ ਹੀ ਜਾਂਦੇ ਹਨ। ਮਤਲਬ ਹੈ ਉਸਾਰ ਨੀਂਹ ਮਗਰ ਹੀ ਜਾਂਦਾ ਹੈ। ਪਰ ਇਹ ਹਮੇਸ਼ਾਂ ਇਉਂ ਨਹੀਂ ਹੁੰਦਾ। ਏਥੇ ਸਮਝਣ ਵਾਲਾ ਪਹਿਲਾ ਨੁਕਤਾ ਇਹ ਹੈ ਕਿ ਸਮਾਜਕ ਵੇਗ ਵਿਚ ਪੈਦਾਵਾਰ ਦੇ ਰਿਸ਼ਤੇ ਭਾਵੇਂ ਬੁਨਿਆਦੀ ਹਨ, ਅਤੇ ਆਮ ਹਾਲਤ ਵਿਚ ਬਾਕੀ ਰਿਸ਼ਤੇ ਉਹਨਾਂ ਦੇ ਮਗਰ ਹੀ ਜਾਂਦੇ ਹਨ, ਪਰ ਬੰਦੇ ਨੂੰ ਆਪਣੇ ਸੱਚੇ ਵਿਚ ਢਾਲਣਾ ਪੈਦਾਵਾਰ ਦੇ ਰਿਸ਼ਤਿਆਂ ਨੇ, ਨੀਂਹ ਨੇ, ਉੱਸਰੇ ਰਿਜ਼ਤਿਆਂ ਨੇ ਕੋਈ ਗਰੌ ਨਹੀਂ ਕਰਵਾਇਆ ਹੋਇਆ। ਕੋਈ ਬੰਦਾ, ਕੋਈ ਤਬਕਾ ਪੈਦਾਵਾਰ ਦੇ ਰਿਸ਼ਤਿਆਂ ਦੇ ਦਾਇਰੇ ਵਿਚ ਨਾ ਵੀ ਆਉਂਦਾ ਹੋਵੇ, ਨੀਂਹ ਵਿਚ, ਪੈਦਾਵਾਰ ਦੇ ਵੇਗ ਵਿਚ ਉਸ ਦੀ ਕੋਈ ਥਾਂ ਨਾ ਵੀ ਹੋਵੇ, ਉਸਾਰ ਦੇ ਰਿਸ਼ਤੇ (ਸਿਆਸੀ, ਵਿਚਾਰਧਾਰਕ ਰਿਸ਼ਤੇ, ਵਿਚਾਰਧਾਰਾ, ਕਲਚਰ) ਉਸ ਨੂੰ ਆਪਣੇ ਸੱਚੇ ਵਿਚ ਢਾਲਦੇ ਹਨ। ਬਹੁਤ ਬੁਧੀਮਾਨ ਤਬਕਾ ਐਸਾ ਹੁੰਦਾ ਹੈ ਜਿਸ ਦਾ ਪੈਦਾਵਾਰ ਦੇ ਵੇਗ ਨਾਲ ਕੰਮ ਕਰਨ ਵਲੋਂ ਕੋਈ ਸਬੰਧ ਹੀ ਨਹੀਂ ਹੁੰਦਾ। ਉਹ ਸਿਰਫ ਹੋਈ ਪੈਦਾਵਾਰ ਵਰਤਦਾ ਹੀ ਹੈ। ਉਸ ਦੀ ਸਿਰਜਣਾ ਉਸਾਰ, ਵਿਚਾਰਧਾਰਕ ਖੇਤਰ, ਕਲਚਰ ਹੀ ਕਰਦੀ ਹੈ। ਰਾਜ-ਪ੍ਰਬੰਧ ਦੀ ਮਸ਼ੀਨ ਚਲਾਉਣ ਵਾਲਿਆਂ ਦਾ ਪੈਦਾਵਾਰ ਦੇ ਵੇਗ ਨਾਲ ਸਬੰਧ ਲਾਜ਼ਮੀ ਨਹੀਂ। ਬਹੁਤ ਬੁਰਜੁਆ ਸਿਆਸੀ ਲੀਡਰ ਐਸੇ ਹੁੰਦੇ ਹਨ ਜੋ ਆਪ ਸਰਮਾਏਦਾਰ ਨਹੀਂ ਹੁੰਦੇ। ਸੋ ਕਿਸੇ ਦੀ ਜਮਾਤੀ ਤਾਸੀਰ ਦੇਖਣ ਵਾਸਤੇ ਪੈਦਾਵਾਰ ਦੇ ਵੇਗ ਵਿਚ ਹੀ, ਪੈਦਾਵਾਰ ਦੇ ਰਿਸ਼ਤਿਆਂ ਵਿਚ ਹੀ ਉਸ ਦੀ ਥਾਂ ਦੇਖਣਾ ਜਾਂ ਉਸ ਤਕ ਹੀ ਮਹਿਦੂਦ ਰਹਿਣਾ ਤੇ ਉਸਾਰ ਦੇ ਖੇਤਰ ਤਕ ਪਹੁੰਚਣਾ ਹੀ ਨਾ, ਉਸ ਵਿਚ ਉਸ ਦੀ ਪੁਜ਼ੀਸ਼ਨ ਨੂੰ ਦੇਖਣਾ ਹੀ ਨਾ, ਉਸ ਦੀ ਸਿਆਸੀ, ਵਿਚਾਰਧਾਰਕ, ਕਲਚਰਲ ਲਾਈਨ ਨੂੰ ਗੌਲਣਾ ਹੀ ਨਾ, ਸਹੀ ਨਹੀਂ ਹੈ। ਜੇ ਬੰਦੇ ਨੂੰ ਸਿਰਜਣ ਦੀ ਗੱਲ ਨੀਂਹ ਤਕ, ਪੈਦਾਵਾਰ ਦੇ ਰਿਸ਼ਤਿਆਂ ਤਕ ਹੀ ਮਹਿਦੂਦ ਰਹਿੰਦੀ ਹੁੰਦੀ, ਉਸਾਰ ਤਕ, ਸਿਆਸੀ, ਵਿਚਾਰਧਾਰਕ, ਕਲਚਰਲ ਖੇਤਰਾਂ ਤਕ, ਉਹਨਾਂ ਦਾਇਰਿਆਂ ਦੇ ਰਿਸ਼ਤਿਆਂ ਤਕ ਪਹੁੰਚਦੀ ਹੀ ਨਾ ਹੁੰਦੀ, ਤਾਂ ਪੈਦਾਵਾਰ ਦੇ ਬੁਰਜੁਆ ਵੇਗ ਦੀ ਸਿਰਜੀ ਵਰਕਰ ਜਮਾਤ ਕਦੇ ਇਨਕਲਾਬੀ ਹੋ ਹੀ ਨਾ ਸਕਦੀ।



ਉਹ ਇਨਕਲਾਬੀ ਹੁੰਦੀ ਹੈ, ਨੀਂਹ ਦੇ ਵਿਰੁਧ ਉਸਾਰ ਦੀ ਬਣਾਈ, ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੀ ਕਰਨੀ ਦੇ ਵਿਰੁਧ ਸਿਆਸੀ, ਵਿਚਾਰਧਾਰਕ ਖੇਤਰਾਂ ਦੀ ਉਠਾਈ।

ਬੰਦੇ ਦੀ, ਕਿਸੇ ਤਬਕੇ ਦੀ ਜਮਾਤੀ ਤਾਸੀਰ ਦੇਖਣ ਦਾ ਤਰੀਕਾ ਇਹ ਵੇਖਣਾ ਹੈ ਕਿ ਉਹ ਢਲਿਆ ਕਿਸ ਸੱਚੇ ਵਿਚ ਹੈ। ਚੂੰਕਿ ਨੀਂਹ ਦੇ ਵਿਰੋਧਾਂ ਦਾ ਫੈਸਲਾ ਵੀ ਅੰਤ ਉਸਾਰ ਦੇ ਖੇਤਰ ਵਿਚ ਹੀ ਹੁੰਦਾ ਹੈ, ਸੋ ਵੇਖਣਾ ਇਹ ਹੈ ਕਿ ਉਸ ਦੀ ਸਿਆਸੀ ਵਿਚਾਰਧਾਰਕ ਲਾਈਨ ਕੀ ਹੈ ? ਉਸ ਲਾਈਨ ਦੀ ਵਸਤੂ ਬੁਰਜੁਆ ਹੈ ਜਾਂ ਪਰੋਲਤਾਰੀ ? ਉਸ ਦਾ ਸਿਆਸੀ, ਵਿਚਾਰਧਾਰਕ ਅਮਲ ਕਿਸ ਪੈਂਤੜੇ ਦਾ ਹੈ ? ਪੈਦਾਵਾਰ ਦੇ ਵੇਗ ਵਿਚ ਪੁਜ਼ੀਸ਼ਨ ਹੀ ਸਭ ਕੁਝ ਨਹੀਂ। ਜੇ ਸਮਾਜ ਦੀ ਤੋਰ ਵਿਚ ਉਸਾਰ ਦਾ ਕੋਈ ਰੋਲ ਹੀ ਨਾ ਹੁੰਦਾ ਤਾਂ ਸਮਾਜਕ ਵੇਗ ਉਸ ਨੂੰ ਪੈਦਾ ਹੀ ਕਿਉਂ ਕਰਦਾ ? ਬੰਦੇ ਨੂੰ, ਉਸ ਦੇ ਮਨ ਦੇ ਵੇਗ ਨੂੰ, ਉਸ ਦੇ ਜਜ਼ਬਿਆਂ ਨੂੰ, ਮਨ ਦੇ ਮਨੋਰਥਾਂ ਨੂੰ, ਉਸ ਦੀ ਬਣਤਰ ਨੂੰ ਨਿਜ਼ਾਮ ਦੇ ਅਨੁਸਾਰੀ ਤੋਰਨ ਵਿਚ ਵਿਚਾਰਧਾਰਕ ਖੇਤਰ ਦਾ, ਕਲਚਰ ਦਾ ਬੁਨਿਆਦੀ ਰੋਲ ਹੈ। ਇਸ ਰੋਲ ਨੂੰ ਨਾ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਹੈ ਤੇ ਨਾ ਹੀ ਛੁਟਿਆਇਆ ਜਾ ਸਕਦਾ ਹੈ। ਪੈਦਾਵਾਰ ਦਾ ਵੇਗ, ਪੈਦਾਵਾਰ ਦੇ ਰਿਸ਼ਤੇ, ਨੀਂਹ, ਪੈਦਾਵਾਰ ਦਾ ਕੰਮ ਹੀ ਬੰਦੇ ਦੀ ਬਣਤਰ ਨਹੀਂ ਸਿਰਜਦਾ, ਉਸ ਨੂੰ ਕਲਚਰ, ਉਸਾਰ ਵੀ ਆਪਣੇ ਸੱਚੇ ਵਿਚ ਢਾਲਦਾ ਹੈ। ਸਮਾਜਕ ਵੇਗ ਪੈਦਾ ਹੀ ਉਸ ਚੀਜ਼ ਨੂੰ ਕਰਦਾ ਹੈ, ਆਪਣੀ ਤੋਰ ਵਾਸਤੇ ਜਿਸ ਦੀ ਉਸ ਨੂੰ ਲੋੜ ਹੋਵੇ।

ਉਸਾਰ ਦੀ ਅਹਿਮੀਅਤ ਬੁਰਜੁਆਜ਼ੀ ਦੇ ਵਿਰੁਧ ਸਮਾਜਵਾਦੀ ਇਨਕਲਾਬ ਲਿਆਉਣ ਦੇ ਵੇਗ ਤੋਂ ਜ਼ਾਹਿਰ ਹੈ। ਬੁਰਜੁਆਜ਼ੀ ਦੇ ਵਿਰੁਧ ਇਨਕਲਾਬੀ ਯੁਧ-ਨੀਤੀ ਕੁਝ ਬੁਨਿਆਦੀ ਤੱਥਾਂ 'ਤੇ ਆਧਾਰਤ ਹੈ। ਪੈਦਾਵਾਰ ਦਾ ਬੁਰਜੁਆ ਵੇਗ ਆਪਣੇ ਅਮਲ ਵਿਚੋਂ, ਆਪਣੇ ਵਿਰੁਧ, ਵਰਕਰ ਜਮਾਤ ਨੂੰ, ਮੁਲਖੱਈਏ ਨੂੰ ਇਨਕਲਾਬੀ ਚੇਤਨਤਾ ਨਹੀਂ ਦੇਂਦਾ, ਦੇ ਨਹੀਂ ਸਕਦਾ। ਮਤਲਬ ਹੈ ਇਹ ਚੇਤਨਤਾ ਉਸ ਨੂੰ ਨੀਂਹ ਦੇ ਖੇਤਰ ਵਿਚੋਂ ਨਹੀਂ ਆਉਂਦੀ। ਉਸਾਰ ਦੇ ਖੇਤਰ ਵਿਚੋਂ ਦੇਣੀ ਪੈਂਦੀ ਹੈ। ਇਨਕਲਾਬ ਤਾਂ ਅੰਤ ਇਨਕਲਾਬੀ ਬਣੀ ਜਮਾਤ, ਇਨਕਲਾਬੀ ਬਣੇ ਮੁਲਖੱਈਏ ਨੇ ਹੀ ਲਿਆਉਣਾ ਹੈ। ਮਤਲਬ ਹੈ ਇਨਕਲਾਬ ਲਿਆਉਣ ਦੀ ਹੱਦ ਤਕ ਵਰਕਰ ਆਦਿ ਜਮਾਤ ਦੀ ਹੋਈ ਕਾਇਆਂ ਪਲਟੀ ਨੇ ਲਿਆਉਣਾ ਹੈ। ਇਸ ਦਾ ਅਰਥ ਕੀ ਹੈ ? ਅਰਥ ਹੈ ਕਿ ਬੰਦੇ ਨੂੰ, ਜਮਾਤ ਨੂੰ ਆਪਣੇ ਸੱਚੇ ਵਿਚ ਢਾਲਣ ਦੀ ਤਾਕਤ ਸਿਰਫ ਪੈਦਾਵਾਰ ਦੇ ਕੰਮ, ਪੈਦਾਵਾਰ ਦੇ ਵੇਗ, ਰਿਸ਼ਤਿਆਂ, ਨੀਂਹ ਵਿਚ ਹੀ ਨਹੀਂ, ਉਸ ਦੀ ਜਮਾਤੀ ਕਾਇਆਂ-ਪਲਟੀ ਕਰਨ ਦੀ ਤਾਕਤ ਉਸਾਰ ਵਿਚ, ਉਸ ਦੇ ਰਿਸ਼ਤਿਆਂ ਵਿਚ, ਉਹਨਾਂ ਰਾਹੀਂ ਹੁੰਦੇ ਉਸ ਦੇ ਅਮਲ ਵਿਚ, ਵਿਚਾਰਧਾਰਕ, ਕਲਚਰਲ, ਸਿਆਸੀ ਅਮਲ ਵਿਚ, ਇਹਨਾਂ ਦਾਇਰਿਆਂ ਦੀ ਜਮਾਤੀ ਜਦੋ-ਜਹਿਦ ਵਿਚ ਵੀ ਹੈ।

ਵਿਚਾਰਧਾਰਕ, ਕਲਚਰਲ, ਸਿਆਸੀ ਜਮਾਤੀ ਜਦੋ-ਜਹਿਦ ਵਿਚ ਇਹ ਤਾਕਤ ਐਨੀ ਹੈ ਕਿ ਇਹ ਪੈਦਾਵਾਰ ਦੇ ਬੁਰਜੁਆ ਵੇਗ ਦੀ ਤਾਕਤ 'ਤੇ ਭਾਰੂ, ਉਸ 'ਤੇ ਜੇਤੂ ਹੋ ਸਕਦੀ ਹੈ, ਅਤੇ ਉਸ ਦੀ ਕੀਤੀ ਸਿਰਜਣਾ ਦੇ ਵਿਰੁਧ ਜਾ ਕੇ ਉਸ ਨੂੰ ਢਾਹ ਕੇ ਇਹ ਬੰਦੇ ਦੀ ਬਣਤਰ ਨੂੰ ਆਪਣੇ ਅਨੁਸਾਰੀ ਕਰ ਸਕਦੀ ਹੈ। ਉਸ ਨੂੰ ਇਨਕਲਾਬੀ ਬਣਾ ਸਕਦੀ ਹੈ। ਇਨਕਲਾਬੀ ਯੁਧ-ਨੀਤੀ ਮੁਖੀ ਵਿਰੋਧ ਦੇ ਪ੍ਰਸੰਗ ਵਿਚੋਂ ਉੱਸਰੀ ਵਿਚਾਰਧਾਰਕ ਸਿਆਸੀ ਲਾਈਨ ਦੇ ਲੜ ਲਗਦੀ ਹੈ। ਉਨ੍ਹਾਂ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਕਰਾਉਂਦੀ ਹੈ। ਬੁਰਜੁਆਜ਼ੀ ਦੇ ਵਿਰੁਧ ਇਨਕਲਾਬ ਲਿਆਉਣ ਦਾ ਕੰਮ ਸ਼ੁਰੂ ਹੀ ਉਸਾਰ ਵਲੋਂ ਹੁੰਦਾ ਹੈ। ਸਮਾਜ ਦੇ ਮੁਖ ਵਿਰੋਧ ਦੇ ਪ੍ਰਸੰਗ ਵਿਚ ਇਨਕਲਾਬ ਆਉਂਦਾ ਹੀ ਉਸਾਰ ਦਾ ਲਿਆਂਦਾ ਹੈ। ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ

ਨਾਲ ਸਥਾਪਤ ਹੁੰਦੀ ਹੈ—ਪਰੋਲਤਾਰੀ ਦੀ ਡਿਕਟੇਟਰਸ਼ਿਪ। ਇਸ ਦਾ ਅਰਥ ਕੀ ਹੈ ? ਅਰਥ ਹੈ ਕਿ ਸਾਰੇ ਸਮਾਜਕ ਰਿਸ਼ਤੇ ਹਮੇਸ਼ਾਂ ਇੱਕੋ ਰੱਜੇ ਨਹੀਂ ਵਗਦੇ। ਉਸਾਰ ਤੇ ਉਸ ਦੇ ਸਮਾਜਕ ਰਿਸ਼ਤੇ ਨੀਂਹ ਤੇ ਉਸ ਦੇ ਰਿਸ਼ਤਿਆਂ ਦੇ ਖਿਲਾਫ ਵੀ ਹੋ ਸਕਦੇ ਹਨ। ਉਸਾਰ ਤੇ ਉਸ ਦੇ ਰਿਸ਼ਤੇ ਹਮੇਸ਼ਾਂ ਨੀਂਹ ਦੇ, ਪੈਦਾਵਾਰ ਦੇ ਰਿਸ਼ਤਿਆਂ ਦੇ ਪਿਛਲੱਗ ਹੀ ਨਹੀਂ ਰਹਿੰਦੇ। ਉਹਨਾਂ ਨਾਲੋਂ ਅਗੇਤ ਵੀ ਹੋ ਸਕਦੇ ਹਨ। ਇਹਨਾਂ ਦੇ ਅਗੇਤ ਤੇ ਵਿਰੋਧੀ ਹੋਣ ਨਾਲ ਹੀ ਇਨਕਲਾਬ ਆਉਂਦਾ ਹੈ। ਮੁਖੀ ਵਿਰੋਧ ਦੇ ਪ੍ਰਸੰਗ ਵਿਚ ਇਨਕਲਾਬੀ ਜਮਾਤ ਨੂੰ ਉਸਾਰਨਾ, ਇਨਕਲਾਬ ਨੂੰ ਲਿਆਉਣਾ ਉਸਾਰ ਦੇ ਖੇਤਰ ਦਾ ਮਸਲਾ ਹੈ। ਇਨਕਲਾਬ ਦੇ ਮਗਰੋਂ ਬੁਰਜੂਆਜ਼ੀ ਮੁੜ ਬਹਾਲ ਹੋਣ ਵਾਸਤੇ, ਉਲਟ-ਇਨਕਲਾਬ ਲਿਆਉਣ ਵਾਸਤੇ ਵੀ ਆਪਣੀ ਵਿਚਾਰਧਾਰਕ ਸਿਆਸੀ ਲਾਈਨ ਦੇ ਹੀ ਲੜ ਲਗਦੀ ਹੈ। ਇਸ ਬੁਰਜੂਆਜ਼ੀ ਦੀ ਪਦਾਰਥਕ ਨੀਂਹ ਤਾਂ ਮੰਡੀ ਵਾਸਤੇ ਜਿਨਸਾਂ ਦੀ ਪੈਦਾਵਾਰ, ਵਾਧੂ ਕਦਰ ਦਾ ਕਾਨੂੰਨ ਆਦਿ ਹੀ ਹੁੰਦੀ ਹੈ ਪਰ ਆਪਣੀ ਤਾਕਤ ਉਹ ਵੀ ਆਪਣੀ ਵਿਚਾਰਧਾਰਕ ਸਿਆਸੀ ਲਾਈਨ ਤੋਂ, ਉਸਾਰ ਤੋਂ ਹੀ ਪੈਦਾ ਕਰਦੀ ਹੈ।

ਮੁਕਦੀ ਗੱਲ ਇਹ ਕਿ ਜਦੋਂ ਮਸਲਾ ਇਹ ਖੜਾ ਹੁੰਦਾ ਹੈ ਕਿ ਸਮਾਜ ਉਤੇ ਰਾਜ ਕਿਸ ਜਮਾਤ ਨੇ ਕਰਨਾ ਹੈ ਤਾਂ ਮੁਖੀ ਤੇ ਫੈਸਲਾਕੁਨ ਰੋਲ ਉਸਾਰ ਦਾ ਹੀ ਹੁੰਦਾ ਹੈ। ਤੇ ਫੈਸਲਾ ਹੁੰਦਾ ਹੈ ਉਸਾਰ ਦੇ ਖੇਤਰ ਵਿਚ ਆਪਸ ਵਿਚ ਵਿਰੋਧੀ ਵਿਚਾਰਧਾਰਕ ਸਿਆਸੀ ਲਾਈਨਾਂ ਦੇ ਟਕਰਾਅ ਨਾਲ। ਪੱਲੇ ਬੰਨ੍ਹਣ ਵਾਲੀ ਗੱਲ ਇਹ ਹੈ ਕਿ ਆਪਸ ਵਿਚ ਵਿਰੋਧੀ ਜਮਾਤੀ ਪੈਂਤੜਿਆਂ ਦੀਆਂ ਸਿਆਸੀ ਲਾਈਨਾਂ ਦੀ ਤਾਕਤ ਪੈਦਾ ਕਿਥੋਂ ਹੁੰਦੀ ਹੈ ? ਵਿਚਾਰਧਾਰਕ ਖੇਤਰ ਵਿਚੋਂ, ਆਪੋ ਆਪਣੀ ਕਲਚਰ ਵਿਚੋਂ, ਕਲਚਰ ਦੀ ਬਣਾਈ ਮਨੁਖੀ ਬਣਤਰ ਵਿਚੋਂ। ਕਲਚਰ ਦੀ ਤਾਕਤ, ਉਸ ਦਾ ਰੋਲ ਸਪਸ਼ਟ ਹੈ। ਬੁਰਜੂਆ ਹੱਕ ਤੇ ਉਸ ਦੀ ਸਿਆਸੀ ਲੀਡਰਸ਼ਿਪ ਦੇ ਵਿਰੁਧ ਪਰੋਲਤਾਰੀ ਦੀ ਡਿਕਟੇਟਰਸ਼ਿਪ ਤੇ ਉਸ ਦੀ ਸਿਆਸੀ ਲਾਈਨ ਦੀ ਮਜ਼ਬੂਤੀ ਹੁੰਦੀ ਕਿਸ ਆਸਰੇ ਹੈ ? ਨੀਂਹ ਵਿਚਲੇ ਸਮਾਜਵਾਦੀ ਅੰਗ ਦੇ, ਪਰ ਉਸ ਦੇ ਨਾਲ ਮੂਲ ਰੂਪ ਵਿਚ ਪਰੋਲਤਾਰੀ ਦੇ ਪੈਂਤੜੇ ਤੋਂ ਕੀਤੀ ਜਾ ਰਹੀ ਵਿਚਾਰਧਾਰਕ ਕਲਚਰਲ ਜਮਾਤੀ ਜਦੋ-ਜਹਿਦ ਦੇ ਆਸਰੇ। ਮਤਲਬ ਹੈ ਜਮਾਤੀ ਜਦੋ-ਜਹਿਦ ਦੀ ਪੈਦਾ ਕੀਤੀ, ਪੈਦਾ ਕੀਤੀ ਜਾ ਰਹੀ ਪਰੋਲਤਾਰੀ ਕਲਚਰ ਦੇ ਆਸਰੇ। ਸਮਾਜਵਾਦ ਦੀ ਉਸਾਰੀ ਵਿਚ ਮੁਖੀ ਤੇ ਫੈਸਲਾਕੁਨ ਰੋਲ ਉਸਾਰ ਦਾ ਹੈ। ਇਨਕਲਾਬ ਦੇ ਮਗਰੋਂ ਨੀਂਹ ਦੀ ਕਾਇਆਂ-ਪਲਟੀ ਵਾਸਤੇ ਸਭ ਕੁਝ ਸ਼ੁਰੂ ਉਸਾਰ ਵਲੋਂ ਹੁੰਦਾ ਹੈ। ਇਸ ਵਾਸਤੇ ਸਮਾਜਵਾਦ ਦੀ ਉਸਾਰੀ ਦੇ ਨੁਕਤੇ ਤੋਂ, ਇਨਕਲਾਬ ਨੂੰ ਸਿੱਧੇ ਰਾਹੇ ਰਖਣ ਵਾਸਤੇ ਮਾਓ ਕਹਿੰਦਾ ਹੈ ਕਿ ਸਮੇਤ ਕਲਚਰ ਦੇ ਵੱਖ ਵੱਖ ਦਾਇਰਿਆਂ ਦੇ, ਪਰੋਲਤਾਰੀ ਵਾਸਤੇ ਅੱਤ ਜ਼ਰੂਰੀ ਹੈ ਕਿ ਉਹ ਉਸਾਰ ਦੇ ਸਾਰੇ ਖੇਤਰ ਵਿਚ, ਬੁਰਜੂਆਜ਼ੀ ਉਤੇ ਚੁਫੇਰਿਉਂ ਡਿਕਟੇਟਰਸ਼ਿਪ ਚਲਾਵੇ।[1]

ਮਾਓ ਇਥੇ ਉਸਾਰ ਦੀ ਅਹਿਮੀਅਤ ਨੂੰ ਆਮ ਤਰੀਕੇ ਨਾਲ ਤਰਜੀਹ ਨਹੀਂ ਦੇ ਰਿਹਾ, ਬਲਕਿ ਸਾਰੇ ਉਸਾਰ ਵਿਚੋਂ ਕਲਚਰ ਦੀ ਅਹਿਮੀਅਤ 'ਤੇ ਖ਼ਾਸ ਜ਼ੋਰ ਦੇ ਰਿਹਾ ਹੈ। ਉਸਾਰ ਦੇ ਖੇਤਰ ਵਿਚੋਂ ਚੁਣ ਕੇ ਕਲਚਰ ਦੇ ਹਰ ਦਾਇਰੇ ਬਾਬਤ ਉਹ ਕਿਉਂ ਕਹਿੰਦਾ ਹੈ ? ਇਸ ਵਾਸਤੇ ਕਿ ਕਲਚਰ ਤਾਕਤ ਨੂੰ ਪੈਦਾ ਕਰਨ ਦਾ ਸੋਮਾਂ ਹੈ। ਇਸ ਵਿਚੋਂ, ਇਸ ਦੀ ਪੈਦਾ ਕੀਤੀ ਤਾਕਤ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਪੈਰ ਪੱਕੇ ਕਰਦੀ ਹੈ ਅਤੇ ਉਸ ਦੇ ਅਧੀਨ ਇਨਕਲਾਬ ਨੂੰ ਆਪਣੇ ਨਿਸ਼ਾਨੇ ਵਲ ਤੋਰਦੀ ਹੈ। ਲੋਕ-ਰਾਏ ਨੂੰ ਵਿਚਾਰਧਾਰਕ ਖੇਤਰ ਸਿਰਜਦਾ ਹੈ ਅਤੇ ਉਸ ਵਿਚ ਸਿਰਕੱਢ ਰੋਲ ਕਲਚਰ ਦਾ ਹੁੰਦਾ ਹੈ। ਇਸ ਦੀ ਪੈਦਾ ਕੀਤੀ ਤਾਕਤ ਨੀਂਹ 'ਤੇ, ਸਮਾਜ ਦੀ



ਬੁਨਿਆਦੀ ਬਣਤਰ 'ਤੇ ਅਸਰ ਕਰਦੀ ਹੈ। ਵਿਚਾਰਧਾਰਕ ਖੇਤਰ ਆਮ ਕਰ ਕੇ ਅਤੇ ਕਲਚਰ ਦਾ ਦਾਇਰਾ ਖਾਸ ਕਰ ਕੇ ਚੂਲ ਹੈ। ਦੋਹਾਂ ਵਿਰੋਧੀਆਂ ਵਿਚੋਂ ਜੋ ਇਸ 'ਤੇ ਮੱਲ ਮਾਰ ਗਿਆ ਉਹ ਅੰਤ ਸਟੇਟ 'ਤੇ ਕਬਜ਼ਾ ਕਰ ਗਿਆ। ਜੋ ਸਟੇਟ 'ਤੇ ਕਬਜ਼ਾ ਕਰ ਗਿਆ ਉਹ ਬਾਜ਼ੀ ਲੈ ਗਿਆ। ਸੋ ਮਾਓ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ ਕਲਚਰ ਦੇ ਕੁਲ ਦਾਇਰਿਆਂ ਵਿਚੋਂ ਬੁਰਜੂਆਜ਼ੀ ਦੀ ਸਫ ਵਲ੍ਹੇਟੀ ਜਾਵੇ। ਕਲਚਰ ਦੇ ਰੋਲ ਉਤੇ ਮਾਓ ਬੇਅੰਤ ਜ਼ੋਰ ਦੇਂਦਾ ਹੈ। ਸਟੇਟ—ਸਿਆਸਤ ਤੇ ਕਲਚਰ ਉਸਾਰ ਦਾ ਸੱਜਾ ਖੱਬਾ ਹਨ। ਕਲਚਰ ਦੇ ਰੋਲ ਉਤੇ ਹੀ ਨਹੀਂ, ਵਿਚਾਰਧਾਰਕ ਖੇਤਰ ਵਿਚ ਸਮਾਜਵਾਦੀ ਇਨਕਲਾਬ ਲਿਆਉਣ 'ਤੇ ਵੀ ਮਾਓ ਨੇ ਹਮੇਸ਼ਾਂ ਹੀ ਬਹੁਤ ਜ਼ੋਰ ਦਿਤਾ ਹੈ। ਇਸ ਹੱਦ ਤਕ ਕਿ ਸਾਹਿਤ ਤੇ ਕਲਾ ਦੇ ਮੁਹਾਜ਼ 'ਤੇ ਸਭ ਵੱਡੀਆਂ ਸਿਰਕਢ ਜਦੋ-ਜਹਿਦਾਂ ਨੂੰ, ਉਸ ਨੇ ਆਪ ਅੱਗੇ ਲਗ ਕੇ ਸ਼ੁਰੂ ਹੀ ਨਹੀਂ ਕੀਤਾ, ਉਹਨਾਂ ਦੀ ਅਗਵਾਈ ਵੀ ਕੀਤੀ ਹੈ।

ਮਾਓ ਨੇ ਸਿਰਫ ਇਹ ਹੀ ਸਪਸ਼ਟ ਨਹੀਂ ਕੀਤਾ ਕਿ ਇਨਕਲਾਬ ਦੇ ਮਗਰੋਂ ਵੀ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ ਜਮਾਤੀ ਜਦੋ-ਜਹਿਦ ਚਲਦੀ ਰਹਿੰਦੀ ਹੈ ਅਤੇ ਐਨੀ ਤਿੱਖੀ ਕਿ ਦੋਹਾਂ ਧਿਰਾਂ ਵਲੋਂ ਬੁਰਦੋ-ਬਰਦੀ ਲਗਦੀ ਹੈ। ਇਸ ਜਮਾਤੀ ਜਦੋ-ਜਹਿਦ ਉਤੇ ਹੀ ਆਏ ਇਨਕਲਾਬ ਦੀ ਤਕਦੀਰ ਮੁਨਹੱਸਰ ਹੁੰਦੀ ਹੈ ਅਤੇ ਸਮਾਜ ਦਾ ਭਵਿਖ। ਉਸ ਨੇ ਇਹ ਵੀ ਦਸਿਆ ਕਿ ਬੁਰਜੂਆਜ਼ੀ, ਉਸ ਦੀ ਰੀੜ੍ਹ ਦੀ ਹੱਡੀ ਹੁੰਦੀ ਕਿਥੇ ਹੈ ?[2] ਕਮਿਊਨਿਸਟ ਪਾਰਟੀ ਦੇ ਧੁਰ ਅੰਦਰ। ਜਿਨ੍ਹਾਂ ਦੇ ਹੱਥ ਵਿਚ ਤਾਕਤ ਹੈ ਤੇ ਜਿਹੜੇ ਸਰਮਾਏਦਾਰੀ ਦੀ ਸੜਕੇ ਹਨ। ਸਰਮਾਏਦਾਰੀ ਦੀ ਸੜਕ ਵਾਲੇ ਅਜੇ ਵੀ ਸਰਮਾਏਦਾਰੀ ਦੀ ਸੜਕੇ ਹੀ ਹਨ। ਜਦੋਂ ਬੁਰਜੂਆਜ਼ੀ ਮੈਦਾਨੇ-ਜੰਗ ਵਿਚ ਹਾਰ ਜਾਂਦੀ ਹੈ, ਇਨਕਲਾਬ ਆ ਜਾਂਦਾ ਹੈ, ਤਾਂ ਬੁਰਜੂਆ ਪੈਂਤੜਾ ਆਪਣੀ ਵਿਚਾਰਧਾਰਕ ਤੇ ਸਿਆਸੀ ਲੀਡਰਸ਼ਿਪ ਪਾਰਟੀ ਦੇ ਅੰਦਰੋਂ ਸਿਖਰਲੀ ਲੀਡਰਸ਼ਿਪ ਵਿਚੋਂ ਖੜੀ ਕਰਦਾ ਹੈ। ਇਹ ਬੁਰਜੂਆਜ਼ੀ ਖੜੀ ਹੋਣੀ ਲਾਜ਼ਮੀ ਹੁੰਦੀ ਹੈ, ਸਮਾਜਕ ਵੇਗ ਦੀ, ਸਮਾਜ ਦੀ ਡਾਇਲੈਕਟਿਕ ਦੀ ਇਹ ਕਰਨੀ ਹੈ। ਇਨਕਲਾਬ ਦੇ ਆਇਆਂ ਪਾਰਟੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰਦੀ ਹੈ ਅਤੇ ਸਮਾਜ 'ਤੇ ਕਾਬਜ਼ ਹੋ ਜਾਂਦੀ ਹੈ। ਸਮਾਜ ਵਿਚ ਜ਼ੁਮੇਦਾਰੀ ਦੀਆਂ ਸਭ ਪੁਜ਼ੀਸ਼ਨਾਂ ਪਾਰਟੀ ਦੇ ਕਾਡਰ ਦੇ ਹੱਥ ਆ ਜਾਂਦੀਆਂ ਹਨ ਅਤੇ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੇ ਹੱਥ ਆ ਜਾਂਦੀ ਹੈ—ਸਮਾਜ ਦੀ ਸ਼ਰੋਮਣੀ ਸਿਆਸੀ ਤਾਕਤ—ਸਟੇਟ।

ਪਾਰਟੀ ਦੀ, ਉਸ ਦੇ ਕਾਡਰ ਦੀ, ਉਸ ਦੀ ਸਿਖਰਲੀ ਲੀਡਰਸ਼ਿਪ ਦੀ ਪੁਜ਼ੀਸ਼ਨ ਡਾਇਲੈਕਟਿਕ ਹੁੰਦੀ ਹੈ। ਆਪਸ ਵਿਚ ਵਿਰੋਧੀ ਦੋਵੇਂ ਜਮਾਤੀ ਪੈਂਤੜੇ ਆਮੋ-ਸਾਹਮਣੇ ਹੁੰਦੇ ਹਨ। ਸਮਾਜ ਦੀ ਡਾਇਲੈਕਟਿਕ ਰਾਹ ਦੋਹੀਂ ਪਾਸੀਂ ਦੇਂਦੀ ਹੈ। ਕਾਡਰ ਦੇ ਮਨ 'ਤੇ, ਖਾਸ ਕਰ ਮੋਹਰੀ ਕਾਡਰ ਦੇ ਮਨ 'ਤੇ ਇਕ ਪਾਸੇ ਪਦਵੀ ਦੀ, ਪੁਜ਼ੀਸ਼ਨ ਦੀ ਖਿਚ ਹੁੰਦੀ ਹੈ, ਉਸ ਨਾਲ ਸਬੰਧਤ ਮੁਮਕਿਨ ਸਹੂਲਤਾਂ ਲਲਚਾਉਂਦੀਆਂ ਹਨ ਜੋ ਉਸ ਨੂੰ ਬੁਰਜੂਆ ਪੈਂਤੜੇ ਵਲ ਨੂੰ ਖਿਸਕਾਉਂਦੀਆਂ, ਤਿਲਕਾਉਂਦੀਆਂ ਹਨ। ਦੂਸਰੇ ਪਾਸੇ ਤੋਂ ਸਟੇਟ ਦੀ ਤਾਕਤ ਨਾਲ, ਪਰੋਲਤਾਰੀ ਦੇ ਪੈਂਤੜੇ ਤੋਂ ਵਿਚਾਰਧਾਰਕ ਸਿਆਸੀ ਲਾਈਨ ਨਾਲ ਮੁਲਖਈਏ ਨੂੰ ਜਗਾਇਆ, ਉਠਾਇਆ ਜਾ ਸਕਦਾ ਹੈ ਤੇ ਉਸ ਨੂੰ ਬੁਰਜੂਆਜ਼ੀ ਦੇ ਵਿਰੁਧ, ਖਾਸ ਕਰ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਵਿਚੋਂ ਪੈਦਾ ਹੋ ਰਹੀ ਦੇ ਵਿਰੁਧ, ਸਰਮਾਏਦਾਰੀ ਸੜਕੇ ਪਿਆਂ ਦੇ ਵਿਰੁਧ ਜਦੋ-ਜਹਿਦ ਵਿਚ ਡਾਹਿਆ ਜਾ ਸਕਦਾ ਹੈ। ਸੋ ਹਰ ਮੋਹਰੀ ਕਾਡਰ ਦੇ ਗਿਰਨ, ਗਰਕਣ ਵਾਸਤੇ ਵੀ ਰਾਹ ਮੋਕਲਾ ਹੈ, ਅਤੇ ਜਰਨੈਲੀ ਸੜਕ ਪਰੋਲਤਾਰੀ ਦੇ ਪੈਂਤੜੇ ਤੋਂ ਜਮਾਤੀ ਜਦੋ-ਜਹਿਦ ਨੂੰ ਵੀ ਨਿਕਲਦੀ ਹੈ। ਹਾਲਾਤ ਦੇ ਪ੍ਰਸੰਗ ਵਿਚ ਚੋਣ ਹੈ ਕਾਡਰ ਦੇ ਆਪਣੇ

ਮਨ ਦੀ, ਉੱਸਰੇ ਉਸ ਦੇ ਆਚਰਨ ਦੀ, ਬਣੀ ਉਸ ਦੀ ਮਨੁਖੀ ਬਣਾਵਟ ਦੀ। ਜੋ ਤਿਲਕ ਗਿਆ ਸੋ ਗਰਕ ਗਿਆ। ਜੋ ਪਰੋਲਤਾਰੀ ਦੇ ਪੈਂਤੜੇ ਤੋਂ ਵਿਚਾਰਧਾਰਕ ਸਿਆਸੀ ਜਮਾਤੀ ਜਦੋ-ਜਹਿਦ 'ਤੇ ਚੜ੍ਹੇ ਘੋੜੇ ਸਵਾਰ ਰਿਹਾ, ਉਹ ਪਾ ਗਿਆ।

ਜਮਾਤੀ ਜਦੋ-ਜਹਿਦ ਦਾ ਇਤਿਹਾਸਕ ਤਜਰਬਾ ਦਸਦਾ ਹੈ ਕਿ ਜਦੋਂ ਪਰੋਲਤਾਰੀ ਇਨਕਲਾਬ ਸਮਾਜਵਾਦੀ ਸਟੇਜ 'ਤੇ ਪਹੁੰਚਦਾ ਹੈ, ਹਾਰੀਆਂ ਹੋਈਆਂ ਜਮਾਤਾਂ ਆਪਣੀ ਹਾਰ ਮੰਨਦੀਆਂ ਨਹੀਂ ਤੇ ਜਦੋ-ਜਹਿਦ ਦਾ ਖਹਿੜਾ ਛਡਦੀਆਂ ਨਹੀਂ। ਉਹ ਆਪਣੇ ਆਪ ਨੂੰ ਮੁੜ ਬਹਾਲ ਕਰਨ ਵਾਸਤੇ ਪੈਂਤੜਾ ਬੰਨ੍ਹਦੀਆਂ ਨੇ। ਪਰ ਪੈਂਦਾ ਪੜੱਛੇ ਹੀ ਸਿੱਧੇ ਸਿਆਸੀ ਫੌਜੀ ਮੁਹਾਜ਼ਾਂ ਉਤੇ ਤਾਂ ਪਿੜ ਬੱਝਦਾ ਨਹੀਂ। ਉਹ ਵਿਚਾਰਧਾਰਕ ਖੇਤਰ ਵਲ ਮੂੰਹ ਕਰਦੀਆਂ ਹਨ।[3] ਉਹ ਜਾਣਦੀਆਂ ਹਨ ਕਿ ਜਿੰਨਾ ਚਿਰ ਸਿਆਸੀ ਤੇ ਸਮੇਤ ਕਲਾ ਸਾਹਿਤ ਦੇ, ਵਿਚਾਰਧਾਰਕ ਮੁਹਾਜ਼ 'ਤੇ ਧੁਰ ਸਿਰ ਸਮਾਜਵਾਦੀ ਇਨਕਲਾਬ ਨਹੀਂ ਆ ਜਾਂਦਾ, ਨਿਰੇ ਆਰਥਕ ਮੁਹਾਜ਼ 'ਤੇ ਆਏ ਸਮਾਜਵਾਦੀ ਇਨਕਲਾਬ ਨਾਲ ਸਮਾਜਵਾਦੀ ਨਿਜ਼ਾਮ ਪੱਕਿਆਂ ਪੈਰਾਂ 'ਤੇ ਨਹੀਂ ਹੋ ਸਕਦਾ। ਅਤੇ ਉਹਨਾਂ ਦੇ ਮੁੜ ਬਹਾਲ ਹੋਣ ਵਾਸਤੇ ਦਰ ਬੰਦ ਨਹੀਂ ਹੁੰਦਾ। ਇਹ ਹਰ ਇਕ ਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਨਕਲਾਬ ਦੇ ਆਇਆਂ ਵੀ ਸਮਾਜ ਦੀ ਪੁਜ਼ੀਸ਼ਨ ਡਾਇਲੈਕਟਿਕ ਹੁੰਦੀ ਹੈ। ਸਮਾਜਵਾਦ ਦੀ ਅਗੋਂ ਉਸਾਰੀ ਨੂੰ ਤਾਂ ਰਾਹ ਖੁਲ੍ਹਦਾ ਹੈ ਹੀ, ਪਰ ਇਸ ਦੇ ਵਿਰੁਧ ਬੁਰਜੁਆਜ਼ੀ ਦੇ ਪੈਦਾ ਹੋਈ ਜਾਣ ਵਾਸਤੇ ਵੀ ਪਦਾਰਥਕ ਨੀਂਹ ਅਜੇ ਹਰੀ ਕਾਇਮ ਹੁੰਦੀ ਹੈ। ਹਾਰੀਆਂ ਹੋਈਆਂ ਜਮਾਤਾਂ ਜਾਣਦੀਆਂ ਹਨ ਕਿ ਹਾਲਾਤ ਦੇ ਪ੍ਰਸੰਗ ਵਿਚ, ਅੰਤਲੀ ਵਿਆਖਿਆ ਅਨੁਸਾਰ, ਤਾਕਤ ਦਾ ਸੋਮਾਂ ਵਿਚਾਰਧਾਰਕ ਖੇਤਰ ਹੈ।

ਹਾਲਾਤ ਦੇ ਪ੍ਰਸੰਗ ਵਿਚ ਤਾਕਤ ਹੈ ਬੰਦੇ ਦੀ ਅਤੇ ਬੰਦਾ ਹੈ ਕਲਚਰ, ਤੇ ਕਲਚਰ ਦਾ ਸਿਰਜਿਆ ਬੰਦੇ ਦਾ ਆਚਰਨ, ਉਸ ਦਾ ਨਜ਼ਰੀਆ, ਉਸ ਦੀ ਵਿਚਾਰਧਾਰਾ। ਇਨਕਲਾਬ ਦੇ ਆਇਆਂ ਵਿਚਾਰਧਾਰਕ ਖੇਤਰ ਵਿਚ ਸਮਾਜਵਾਦੀ ਇਨਕਲਾਬ ਨਹੀਂ ਆ ਜਾਂਦਾ। ਇਕ ਤਾਂ ਇਹ ਖੇਤਰ ਸਭ ਨਾਲੋਂ ਚੀਹੜਾ ਹੈ। ਇਸ ਵਿਚ ਸਮਾਜਵਾਦੀ ਇਨਕਲਾਬ ਲਿਆਉਣਾ ਦਮ ਰਖ ਕੇ ਲੰਮੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰੀ ਜਾਣ ਦਾ ਮਸਲਾ ਹੈ। ਬਣੀਆ ਹੋਈਆਂ ਆਦਤਾਂ ਤੇ ਤੁਰੀਆਂ ਆਉਂਦੀਆਂ ਰਵਾਇਤਾਂ ਬੜੀ ਚੀਹੜੀ ਤਾਕਤ ਹੁੰਦੀਆਂ ਹਨ ਅਤੇ ਉਹ ਭੁਗਤਦੀਆਂ ਹਨ ਬੁਰਜੁਆ ਪੈਂਤੜੇ ਦੇ ਹੱਕ ਵਿਚ। ਵਿਚਾਰਧਾਰਕ ਖੇਤਰ ਵਿਚ, ਕਲਚਰ ਦੇ ਦਾਇਰਿਆਂ ਵਿਚ, ਸਾਹਿਤ ਕਲਾ ਆਦਿ ਵਿਚ ਹਾਕਮ ਜਮਾਤਾਂ ਸਦੀਆਂ ਤੋਂ ਵਾਹਿਦ ਮਾਲਕ ਤੁਰੀਆਂ ਆ ਰਹੀਆਂ ਹਨ। ਇਸ ਚੀਂਹੜੀ ਧਰਤੀ ਵਿਚੋਂ ਉਹਨਾਂ ਦੀ ਜੜ੍ਹ ਮੇਖ ਉਖੇੜਨੀ ਕੋਈ ਖਾਲਾ ਜੀ ਦਾ ਵਾੜਾ ਨਹੀਂ। ਹਰ ਮਨ ਦੀ, ਹਰ ਦਿਲ ਦਿਮਾਗ਼ ਦੀ ਕਾਇਆਂ-ਪਲਟੀ ਕਰਨ ਦਾ ਸਵਾਲ ਹੈ। ਇਨਕਲਾਬ ਦੇ ਆਇਆਂ ਵੀ ਬੰਦੇ ਦੇ ਆਚਰਨ ਨੂੰ ਸਿਰਜਦੇ ਸਭ ਵਿਚਾਰਧਾਰਕ ਅਡੰਬਰ ਪਰੋਲਤਾਰੀ ਦੇ ਪੈਂਤੜੇ 'ਤੇ ਨਹੀਂ ਆ ਜਾਂਦੇ। ਬਚਪਨ ਤੋਂ ਹੀ ਬੰਦਾ ਵਿਦਿਆ ਦੇ ਅਡੰਬਰ ਦੇ ਹਵਾਲੇ ਹੋ ਜਾਂਦਾ ਹੈ। ਉਸ ਦੀ ਕਾਇਆਂ-ਪਲਟੀ ਵੀ ਕਲਚਰਲ ਇਨਕਲਾਬ ਤੋਂ ਬਗ਼ੈਰ ਨਹੀਂ ਹੁੰਦੀ। ਬੁਰਜੁਆ ਜ਼ਹਿਨੀਅਤ ਇੰਚ ਇੰਚ 'ਤੇ ਅਗੋਂ ਲੜਦੀ ਹੈ। ਹਾਈਂ ਮਾਈਂ ਹਥਿਆਰ ਨਹੀਂ ਸੁਟਦੀ।[4] ਮਨਾਂ ਦੀ ਲੜਾਈ ਵਿਚ ਕਲਾ ਤੇ ਸਾਹਿਤ ਬੜੇ ਕਾਰਗਰ ਹਥਿਆਰ ਨੇ। ਇਹ ਸਿੱਧਾ ਦਿਲ 'ਤੇ, ਜਜ਼ਬੇ 'ਤੇ ਮਲ ਮਾਰਦੇ ਨੇ। ਲੋਕਾਂ ਦੇ ਮਨਾਂ ਵਿਚ ਆਪਣਾ ਨਜ਼ਰੀਆ ਪੁੜ੍ਹਨ ਵਾਸਤੇ ਬੁਰਜੁਆਜ਼ੀ ਇਹਨਾਂ ਨੂੰ ਬੜੇ ਕਾਰਗਰ ਤਰੀਕੇ ਨਾਲ ਵਰਤਦੀ ਹੈ। ਇਹਨਾਂ ਨੂੰ ਵਰਤਣ ਦੀ ਸਿਖੀ ਹੋਈ ਜਾਚ ਦਾ ਪੂਰਾ ਫਾਇਦਾ ਉਠਾਉਂਦੀ ਹੈ।[5]

---

1. The proletariat must exercise all round dictatorship over the



bourgeoisie in the realm of the superstructure, including the various spheres of culture. Mao

Chairman Mao has always attached great importance to the socialist revolution in the ideological field and has personally initiated and led all the past major struggles on the literary and art front. Chu Lan

2. With the socialist revolution they themselves come under fire. At the time of the cooperative transformation of agriculture there were people in the party who opposed it, and when it comes to criticizing bourgeois right they resent it. You are making the socialist revolution, and yet don't know where the bourgeoisie is. It is right in the Communist Party—those in power taking the capitalist road. The capitalist roaders are still on the capitalist road. Mao

3. Class struggle at home and abroad tells us that when the proletarian revolution enters the socialist stage, the overthrown classes which are unreconciled to defeat always use their influence in the ideological sphere, formed over a long period, to corrupt and sabotage the socialist economic base and attack the proletariat. The literary and art sphere, in particular, is used by them as bridgehead for propagating the reactionary world outlook and restoring capitalism...

...With socialist revolution on the economic front alone, but without a thorough going socialist revolution on the political and ideological fronts, including literature and art, the socialist system is still not consolidated and the dream of the bourgeoisie for a restoration may become a reality. Chu Lan

4. As I see it, the intellectuals, including young intellectuals still receiving education in schools, still have a basically bourgeois world outlook, whether they are in the Party or outside it. This is because for seventeen years after the liberation the cultural and educational circles have been dominated by revisionism. As a result, the bourgeois ideas are infused in the blood of the intellectuals. Mao

In the ideological field, the question of who will win out, the proletariat or the bourgeoisie, has not yet been settled. We shall have to wage a protracted struggle against bourgeois and petty-bourgeois ideology. Mao

Class struggle is by no means over. The class struggle between the proletariat and the bourgeoisie, the class struggle between the various political forces and the class struggle between the proletariat and the bourgeoisie in the ideological field will still be protracted and tortuous and at times even very sharp. The proletariat seeks to transform the world according to its own outlook, and so does the bourgeoisie. In this

respect the question of which will win out, socialism or capitalism, is not really settled yet.

It will take a fairly long period of time to decide the issue in the ideological struggle between socialism and capitalism in our country. Mao

5. Writing novels is popular these days, isn't it ? The use of novels for anti-party activity is a great invention. Any one wanting to overthrow a political regime must create public opinion and do some preparatory ideological work. This applies to counter revolutionary as well as to revolutionary classes. Mao

Although the bourgeoisie has been overthrown, it is still trying to use the old ideas, culture, customs and habits of the existing classes to corrupt the masses, capture their minds and endeavour to stage a comeback. The proletariat must do the exact opposite : it must meet head-on every challenge of the bourgeoisie in the ideological field and use the new ideas, culture, customs, and habits of the proletariat to change the mental out-look of the whole of society. At present, our objective is to struggle against and overthrow those persons in authority who are taking the capitalist roads, to criticize and repudiate the reactionary bourgeois academic 'authorities' and the ideology of the bourgeoisie and all other exploiting classes and to transform education, literature and art and all other parts of the super-structure not in correspondence with the socialist economic base so as to facilitate the consolidation and development of the socialist system. Central Committee of the Chinese Communist Party. (under Mao's leadership)

---


## ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, (ਪੇਪਰ ਬੈਕ); 25 ਰੁਪੈ (ਡੀਲਕਸ)

---

## ਸਿੱਖ ਲਹਿਰ

ਕਿਸ਼ਨ ਸਿਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ। ਇਸ ਪੁਸਤਕ ਲਈ ਸੇਧ ਨੂੰ ਲਿਖੋ।




---

## ਪੰਥਕ ਜਥੇਬੰਦੀ ਤੇ ਗੁਰਮਤਾ : ਭਾਰਤੀ ਤੇ ਪੱਛਮੀ ਪਰੰਪਰਾਵਾਂ ਦੇ ਪ੍ਰਸੰਗ ਵਿਚ ਸੰਗਠਨ ਦਾ ਸਿੱਖ ਸੰਕਲਪ

(ਦਾਰਸ਼ਨਿਕ-ਇਤਿਹਾਸਕ ਸੰਦਰਭ)

ਡਾ: ਜਸਬੀਰ ਸਿੰਘ ਆਹਲੂਵਾਲੀਆ

ਸਿੱਖ-ਮਤਿ ਦੇ ਪ੍ਰਕਾਸ਼ ਵਿਚ, ਸਿੱਖ ਲਹਿਰ ਦੇ ਵਿਕਾਸ ਵਿਚ ਅਤੇ ਸਿੱਖ ਕ੍ਰਾਂਤੀ ਦੀ ਇਤਿਹਾਸਕ ਰੂਪ-ਰੇਖਾ ਘੜਣ ਵਿਚ ਪੰਥਕ ਜਥੇਬੰਦੀ ਤੇ ਗੁਰਮਤੇ ਦੀਆਂ ਸੰਸਥਾਵਾਂ ਨੇ ਸ਼੍ਰੋਮਣੀ ਰੋਲ ਅਦਾ ਕੀਤਾ ਹੈ।

ਸਿੱਖ ਚਿੰਤਨ ਵਿਚ ਇਹਨਾਂ ਦੋਹਾਂ ਸੰਕਲਪਾਂ ਦੇ ਕੀ ਅਰਥ ਹਨ ? ਇਹਨਾਂ ਦੀ ਕੀ ਮਹੱਤਤਾ ਹੈ ? ਇਹਨਾਂ ਦਾ ਆਪਸੀ ਸਬੰਧ ਕੀ ਹੈ ? ਅਜੋਕੀ ਸਥਿਤੀ ਵਿਚ ਕਿਸ ਰੂਪ ਵਿਚ ਤੇ ਕਿਸ ਪ੍ਰਕਾਰ ਇਹ ਸੰਸਥਾਵਾਂ ਪ੍ਰਭਾਵਕਾਰੀ ਢੰਗ ਨਾਲ ਕਿਰਿਆਸ਼ੀਲ ਹੋ ਸਕਦੀਆਂ ਹਨ ? ਇਹਨਾਂ ਪ੍ਰਸ਼ਨਾਂ ਦਾ ਇਕ ਜਾਂ ਦੂਸਰੀ ਸ਼ਕਲ ਵਿਚ ਇਸ ਨੁਕਤੇ ਨਾਲ ਸਬੰਧ ਹੈ ਕਿ ਸਿੱਖ-ਮਤਿ ਵਿਚ 'ਸੰਗਠਨ' ਨੂੰ ਕਿਵੇਂ ਸੰਕਲਪਿਆ ਗਿਆ ਹੈ, ਇਸ ਸੰਕਲਪ ਦਾ ਕੀ ਦਾਰਸ਼ਨਿਕ ਅਰਥ ਤੇ ਅਹਿਮੀਅਤ ਹੈ; ਸੰਗਠਨ ਦਾ ਨੈਤਿਕ ਪਖੋਂ ਕੀ ਮਹੱਤਵ ਹੈ; ਇਸ ਦਾ ਸਮਾਜਕ-ਰਾਜਨੀਤਕ ਪੱਧਰਾਂ 'ਤੇ ਕੀ ਰੋਲ ਚਿਤਵਿਆ ਗਿਆ ਹੈ ਤੇ ਇਹ ਸੰਕਲਪ ਸਿੱਖ ਇਤਿਹਾਸ ਵਿਚ ਕਿਸ ਤਰ੍ਹਾਂ ਕਿਰਿਆਸ਼ੀਲ ਹੈ।

'ਗੁਰੂ', 'ਸ਼ਬਦ' ਤੇ 'ਸੰਗਠਨ' ਗੁਰਮਤਿ ਦੇ ਤਿੰਨ ਮੂਲ ਸੰਕਲਪ ਹਨ। ਅਚਲ ਵਟਾਲੇ ਸਿਧਾਂ ਨਾਲ ਹੋਈ ਵਿਚਾਰ-ਗੋਸ਼ਟੀ ਵਿਚ ਗੁਰੂ ਨਾਨਕ ਦੇਵ ਜੀ ਨੇ ਸਿੱਖ-ਮਤਿ ਵਿਚ ਸ਼ਬਦ ਤੇ ਸੰਗਠਨ (ਸੰਗਤ ਜਿਸ ਦੀ ਮੁੱਢਲੀ ਇਕਾਈ ਹੈ) 'ਤੇ ਵਿਸ਼ੇਸ਼ ਜ਼ੋਰ ਦਿਤਾ ਸੀ ਜਿਸ ਨੂੰ ਭਾਈ ਗੁਰਦਾਸ ਨੇ ਇਉਂ ਪੇਸ਼ ਕੀਤਾ ਹੈ : "ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀਂ ਹੈ ਰਾਈ।"[1]

ਗੁਰ-ਪ੍ਰਸਾਦਿ ਪ੍ਰਾਪਤ 'ਸ਼ਬਦ' ਨਿਰੰਕਾਰ (੧ਓ) ਦਾ ਸਤਿਨਾਮ ਹੈ; 'ਸੰਗਠਨ' (ਖਾਲਸਾਈ ਰੂਪ ਵਿਚ) ਅਕਾਲ ਦੀ ਮੂਰਤਿ ਹੈ। 'ਸ਼ਬਦ' ਤੇ 'ਸੰਗਠਨ' ਇਸ ਤਰ੍ਹਾਂ ਪਰਮ-ਹਸਤੀ ਦੇ (ਦੋ ਪਰਸਪਰ ਸਬੰਧਤ ਪੱਧਰਾਂ 'ਤੇ) ਪ੍ਰਗਟ-ਰੂਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ 'ਪ੍ਰਗਟ ਗੁਰਾਂ ਕੀ ਦੇਹ' ਨਹੀਂ, ਸਗੋਂ ਜਦੋਂ ਪੰਥਕ ਜਥੇਬੰਦੀ ਵਿਚ ਗੁਰੂ ਤਤ੍ਵ (ਅਕਾਲ ਪੁਰਖ ਦੀ ਹਲਤ ਮੁਖੀ ਪ੍ਰਭੁਤਾ, ਯਾਨੀ ਮੀਰੀ ਦਾ ਦੈਵੀ ਗੁਣ) ਪ੍ਰਵੇਸ਼ਿਤ ਹੋ ਕੇ ਪੰਥ, ਗੁਰੂ-ਪੰਥ ਦੀ ਪਦਵੀ ਪ੍ਰਾਪਤ ਕਰਦਾ ਹੈ ਤਾਂ ਇਹ ਇਕ ਅਜੇਹਾ 'ਸੰਗਠਨ' ਹੋ ਨਿਬੜਦਾ ਹੈ ਜਿਸ ਨੂੰ ਪ੍ਰਹਿਲਾਦ ਰਾਏ[2] ਅਨੁਸਾਰ ਸਿੱਖ ਪਰੰਪਰਾ ਨੇ ਸ਼ਬਦ (ਗੁਰੂ ਗ੍ਰਥ) ਵਾਂਗ ਹੀ, 'ਪ੍ਰਗਟ ਗੁਰਾਂ ਕੀ ਦੇਹ' ਤਸਵੱਰ ਕੀਤਾ ਹੈ : "ਅਕਾਲ ਪੁਰਖ ਦੇ ਹੁਕਮ ਤੇ,

ਪ੍ਰਗਟ ਚਲਾਯੋ ਪੰਥ। ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ। ਗੁਰੂ ਖਾਲਸਾ ਮਾਨੀਓ, ਪ੍ਰਗਟ ਗੁਰੂ ਕੀ ਦੇਹ।'' ਅਜਿਹੇ ਪੰਥਕ ਸੰਗਠਨ ਦਾ (ਜਿਸ ਵਿਚ ਉਪਰੋਕਤ ਅਰਥਾਂ ਵਿਚ ਗੁਰੂ ਤਤ੍ਵ ਵਿਦਮਾਨ ਤੇ ਪ੍ਰਕਾਸ਼ਮਾਨ ਹੈ) ਇਕ-ਮਨ, ਇਕ-ਚਿੱਤ ਹੋ ਕੇ ਚਿਤਵਿਆ ਤੇ ਅਪਣਾਇਆ ਮਤਾ 'ਗੁਰਮਤਾ' ਹੈ। ਦੂਸਰੇ ਲਫ਼ਜ਼ਾਂ ਵਿਚ 'ਗੁਰਮਤਾ' ਪੰਥਕ ਜਥੇਬੰਦੀ ਦੀ ਸਮੂਹਕ, ਸੰਸਥਾਤਮਕ ਸ਼ਖਸੀਅਤ ਦਾ ਪ੍ਰਤੀਕ ਹੈ। ਇਹ ਸਰਬ-ਸੰਮਤੀ ਜਾਂ ਬਹੁਸੰਮਤੀ ਵਾਂਗ ਵੱਖ ਵੱਖ ਵਿਅਕਤੀਆਂ ਦੀ ਯਕਸਾਂ ਰਾਏ ਜਾਂ ਹਮ-ਖਿਆਲ ਮਤਾ ਅਥਵਾ ਮਰਜ਼ੀਆਂ ਦਾ ਜੋੜ-ਫਲ ਨਹੀਂ।

ਇਕ ਪਾਸੇ ਸਿੱਖ ਮਤਿ ਉਪਰ ਵੇਦਾਂਤਕ ਪ੍ਰਛਾਵੇਂ ਕਾਰਨ ਤੇ ਦੂਸਰੇ ਪਾਸੇ ਸੰਗਠਨ ਅਤੇ ਸਰਬ-ਸੰਮਤੀ, ਬਹੁ-ਸੰਮਤੀ ਸਬੰਧੀ ਪਛਮੀ ਅਰਥਾਂ ਦੇ ਪ੍ਰਵੇਸ਼ ਕਾਰਨ ਪੰਥਕ ਜਥੇਬੰਦੀ ਤੇ ਗੁਰਮਤੇ ਦੇ ਸੰਕਲਪ ਧੁੰਦਲੇ ਹੋ ਗਏ ਹਨ। ਇਸ ਲਈ ਇਹਨਾਂ ਸੰਕਲਪਾਂ ਦਾ ਸਾਰ ਤੇ ਸਤਿ ਜਾਨਣ ਲਈ ਇਹ ਜ਼ਰੂਰੀ ਹੈ ਕਿ ਹਿੰਦੂ ਵਿਚਾਰ ਚੌਖਟੇ ਤੇ ਪਛਮੀ ਵਿਚਾਰ-ਚੌਖਟੇ ਦੇ ਸਨਮੁਖ ਸਿੱਖ ਵਿਚਾਰ-ਚੌਖਟੇ ਦੀ ਵਿਲੱਖਣਤਾ ਸਾਹਮਣੇ ਰਖੀ ਜਾਵੇ।

ਹੁਣ ਤਕ ਸਿੱਖ ਮਜ਼੍ਹਬ ਦੀ ਦਾਰਸ਼ਨਿਕ ਵਿਆਖਿਆ ਵਿਚ ਪਹੁੰਚ-ਵਿਧੀ ਦਾ ਸੰਕਟ ਚਲਿਆ ਆ ਰਿਹਾ ਹੈ, ਜਿਸ ਕਾਰਨ ਸਿੱਖ-ਮਤਿ ਦੀ ਵਿਸ਼ੇਸ਼ ਤੇ ਵਿਲੱਖਣ ਸ੍ਵੈ-ਪਛਾਣ ਉਭਰ ਦੇ ਸਾਹਮਣੇ ਨਹੀਂ ਆ ਸਕੀ। ਹੁਣ ਤਕ ਚਲੀਆਂ ਆ ਰਹੀਆਂ ਪਹੁੰਚ-ਵਿਧੀਆਂ 'ਚ ਇਕ ਧਾਰਨਾ ਇਹ ਪ੍ਰਧਾਨ ਰਹੀ ਹੈ ਕਿ ਸਿੱਖ ਧਰਮ ਮੱਧ ਕਾਲ ਵਿਚ ਹਿੰਦੂ-ਮਤਿ ਤੇ ਇਸਲਾਮ ਦਾ ਸੁਮੇਲ ਸੀ। ਦੂਸਰਾ ਨਜ਼ਰੀਆ ਇਹ ਦਿਤਾ ਜਾਂਦਾ ਹੈ ਕਿ ਹਿੰਦੂ ਪਰੰਪਰਾ ਨੇ ਸਿੱਖ-ਮਤਿ ਦੇ ਰੂਪ ਵਿਚ ਇਸਲਾਮੀ ਤਤ੍ਵ ਗ੍ਰਹਿਣ ਕਰ ਕੇ ਮੱਧਕਾਲ ਦੀ ਸਥਿਤੀ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਇਉਂ ਸੋਧਿਆ। ਸੋ ਸਿੱਖ ਮਤਿ ਹਿੰਦੂ ਧਰਮ ਦਾ ਹੀ ਇਕ ਸੋਧ-ਰੂਪ ਹੈ। ਇਸ ਪ੍ਰਸੰਗ ਵਿਚ ਸਿੱਖ ਲਹਿਰ ਨੂੰ ਮੱਧ ਕਾਲੀ ਭਗਤੀ ਲਹਿਰ ਦਾ ਅੰਗ ਤਸੱਵਰ ਕੀਤਾ ਜਾਂਦਾ ਹੈ।

ਭਗਤੀ ਲਹਿਰ ਦੀਆਂ ਦੋ ਮੋਟੀਆਂ ਪਰੰਪਰਾਵਾਂ ਹਨ: ਵੈਸ਼ਨਵ ਭਗਤੀ (ਮੀਰਾ, ਤੁਲਸੀ) ਵਿਚ ਵਿਸ਼ਨੂ ਦੇ ਅਵਤਾਰ ਨੂੰ ਇਸ਼ਟ ਮੰਨ ਕੇ ਪਰਮ ਹਸਤੀ ਦੇ 'ਰੂਪ' ਨੂੰ ਭਗਤੀ-ਭਾਵਨਾ ਦਾ ਕੇਂਦਰੀ ਨੁਕਤਾ ਬਣਾਇਆ ਜਾਂਦਾ ਹੈ। ਚੇਸ਼ਟਾ ਇਸ 'ਰੂਪ' ਨਾਲ ਇਕ-ਮਿਕ ਹੋਣ ਦੀ ਹੁੰਦੀ ਹੈ। ਦੂਜੇ ਪਾਸੇ, ਭਗਤੀ ਦੀ ਸੰਤ ਪਰੰਪਰਾ (ਕਬੀਰ ਆਦਿ) ਵਿਚ ਪਰਮ ਹਸਤੀ ਦੇ ਪ੍ਰਤਿਭਾਸਿਕ ''ਰੂਪ'' ਦੇ ਮੁਕਾਬਲੇ ਉਸ ਦੇ ''ਨਾਮ'' ਦੇ ਗ੍ਰਹਿਣ ਕਰਨ 'ਤੇ ਜ਼ੋਰ ਹੈ। ਪਹਿਲੀ ਪਰੰਪਰਾ ਸਰਗੁਣ ਭਗਤੀ ਦੀ ਹੈ ਜਿਸ ਵਿਚ 'ਰੂਪ' ਦੀ ਪ੍ਰਧਾਨਤਾ ਹੈ; ਦੂਸਰੀ ਪਰੰਪਰਾ ਨਿਰਗੁਣ ਹੈ ਜਿਸ ਵਿਚ 'ਨਾਮ' ਤੇ ਜ਼ੋਰ ਹੈ। ਗੁਰੂ ਨਾਨਕ ਦੇਵ ਜੀ ਨੂੰ ਇਸ ਪ੍ਰਸੰਗ ਵਿਚ ਕਬੀਰ ਦੇ ਸੰਗ ਸੰਗ ਭਗਤੀ ਲਹਿਰ ਦੀ ਸੰਤ ਪਰੰਪਰਾ, ਅਰਥਾਤ ਭਗਤੀ ਦੀ ਨਿਰਗੁਣ ਧਾਰਾ ਨਾਲ ਜੋੜਿਆ ਜਾਂਦਾ ਹੈ ਜਿਸ ਵਿਚ 'ਰੂਪ' ਦੇ ਮੁਕਾਬਲੇ 'ਨਾਮ' ਉਤੇ ਜ਼ੋਰ ਹੈ। ਪਰ ਸਿੱਖ ਮਤਿ ਵਿਚ ਪਰਮ ਹਸਤੀ ਨੂੰ ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਸੰਕਲਪਿਆ ਗਿਆ ਹੈ। ਇਸ ਤਰ੍ਹਾਂ 'ਨਾਮ' ਤੇ 'ਰੂਪ' ਦਾ ਇਕ ਨਵੀਂ ਪ੍ਰਕਾਰ ਦਾ ਜੋੜ ਪੇਸ਼ ਕੀਤਾ ਗਿਆ ਹੈ। ਪਰਮ ਹਸਤੀ ਨੂੰ 'ਨਾਮ-ਰੂਪ' ਵਿਚ ਤਸਵੱਰ ਕੀਤਾ ਹੈ ਜੋ ਵੈਸ਼ਨਵ ਤੇ ਸੰਤ ਧਾਰਾ ਦੋਹਾਂ ਤੋਂ ਵੱਖ ਵਿਚਾਰ ਹੈ। ਇਸ ਨੁਕਤੇ ਦੇ ਹੋਰ ਵਿਸਥਾਰ ਵਿਚ ਨਾ ਜਾਂਦੇ ਹੋਏ, ਵਿਚਾਰ-ਅਧੀਨ ਮਸਲੇ ਸਬੰਧੀ ਭਗਤੀ ਲਹਿਰ ਤੇ ਸਿੱਖ ਲਹਿਰ ਦਾ ਇਕ ਹੋਰ ਬੁਨਿਆਦੀ ਫਰਕ ਨੋਟ ਕਰਨ ਵਾਲਾ ਹੈ। ਸੰਤ-ਪਰੰਪਰਾ ਵਿਚ ਜ਼ੋਰ ਵਿਅਕਤੀਗਤ ਮੁਕਤੀ 'ਤੇ ਹੈ। ਭਗਤੀ-ਮਾਰਗ ਉਪਰ ਵਿਅਕਤੀ ਨੇ ਆਪ ਇਕਲਿਆਂ ਚਲਣਾ ਹੁੰਦਾ ਹੈ, ਸਮੂਹਕ ਤੌਰ 'ਤੇ ਸੰਗਤ-ਰੂਪ ਵਿਚ ਨਹੀਂ: ''ਕਬੀਰ ਸਾਧੂ ਕਉ ਮਿਲਨੇ



ਜਾਈਐ, ਸਾਥਿ ਨਾ ਲੀਜੈ ਕੋਇ।''

ਦੂਸਰੇ ਪਾਸੇ ਸਿੱਖ-ਮਤਿ ਵਿਚ ਸਮੂਹਕ ਕਲਿਆਣ ਦਾ ਸੰਕਲਪ ਹੈ: ''ਕੇਤੀ ਛੁਟੀ ਨਾਲਿ।'' (ਗੁਰੂ ਨਾਨਕ)[4]

ਮੁਕਤੀ ਮਾਰਗ ਉਪਰ ਹੋਰਨਾਂ ਦੇ ਸੰਗ ਸੰਗ ਚਲਣ ਦੀ ਅਹਿਮੀਅਤ ਦਰਸਾਈ ਹੈ। ਦੂਸਰੇ ਲਫ਼ਜ਼ਾਂ ਵਿਚ, ਸਿੱਖ ਮਤਿ ਵਿਚ ਭਗਤੀ ਲਹਿਰ ਦੇ ਮੁਕਾਬਲੇ ਸੰਗਤ (ਸੰਗਠਨ) ਨੂੰ ਬੁਨਿਆਦੀ ਰੋਲ ਅਤੇ ਕਰਤੱਵ ਦਿਤਾ ਗਿਆ ਹੈ। (ਰਾਮਾਨੁਜ ਨੂੰ ਭਗਤੀ ਲਹਿਰ ਦਾ ਦਾਰਸ਼ਨਿਕ ਪੱਧਰ 'ਤੇ ਪ੍ਰਮੁੱਖ ਵਿਚਾਰਵਾਨ ਮੰਨਿਆ ਜਾਂਦਾ ਹੈ; ਉਸ ਦੇ ਪੈਰੋਕਾਰ ਭੋਜਨ (ਲੰਗਰ ਵਿਖੇ) ਹੋਰਨਾਂ ਸੰਗ ਬੈਠ ਕੇ ਖਾਣ ਦੀ ਮਨਾਹੀ ਸਮਝਦੇ ਹਨ)

ਸਿੱਖ ਮਤਿ ਸਬੰਧੀ ਇਕ ਹੋਰ ਵਿਚਾਰ ਇਹ ਪੇਸ਼ ਕੀਤਾ ਜਾਂਦਾ ਹੈ ਕਿ (ਪ੍ਰਸਿਧ ਵਿਸ਼ਵ ਇਤਿ-ਹਾਸਕਾਰ ਟਾਉਨਬੀ ਦੇ ਸਿਧਾਂਤ—'ਚੁਨੌਤੀ ਤੇ ਉਸ ਦਾ ਮਕਾਬਲਾ'-ਅਨੁਸਾਰ) ਸਿੱਖ ਲਹਿਰ ਮੱਧ ਕਾਲ ਦੀ ਭਾਰਤੀ ਸਥਿਤੀ ਵਿਚ ਉਪਜੇ ਚੈਲੰਜ ਦੇ ਸਮਾਧਾਨ ਵਜੋਂ ਹੋਂਦ ਵਿਚ ਆਈ। ਪਰ ਇਸ ਸਿਧਾਂਤ ਨੂੰ ਸਿੱਖ ਲਹਿਰ ਦੇ ਨਿਕਾਸ ਤੇ ਵਿਕਾਸ 'ਤੇ ਇਉਂ ਲਾਗੂ ਕੀਤਾ ਜਾਂਦਾ ਹੈ ਕਿ ਜਿਸ ਨਾਲ ਇਹ ਕ੍ਰਾਂਤੀ ਵਕਤੀ ਤਕਾਜ਼ਿਆਂ ਵਲ ਸਤੱਈ ਪ੍ਰਤਿਕਰਮ ਹੀ ਬਣ ਕੇ ਰਹਿ ਜਾਂਦੀ ਹੈ। ਇਸ ਪਹੁੰਚ-ਵਿਧੀ ਦੇ ਕਈ ਖਤਰਨਾਕ ਨਤੀਜੇ ਨਿਕਲਦੇ ਹਨ ਜੋ ਸਿੱਖ ਲਹਿਰ ਦੇ ਤਾਣੇ ਪੇਟੇ ਨੂੰ ਹੀ ਉਲਝਾ ਜਾਂਦੇ ਹਨ। ਮਿਸਾਲ ਵਜੋਂ ਡਾ: ਜੇ. ਐਸ. ਗਰੇਵਾਲ ਅਨੁਸਾਰ ਖਾਲਸਾ- ਸੰਗਠਨ ਦੇ ਸਥਾਪਿਤ ਕੀਤੇ ਜਾਣ ਦੇ ਦੋ ਕਾਰਨ ਹਨ। ਪਹਿਲਾ ਕਾਰਨ ਸੀ ਸਿੱਖ ਫਿਰਕੇ ਵਿਚ ਵਧ ਰਹੀ ਨਾਇਤਫਾਕੀ ਤੇ ਦੂਸਰਾ ਕਾਰਨ ਸੀ ਬਾਹਰੀ ਹਮਲੇ ਦਾ ਭੈ। ਡਾ: ਗਰੇਵਾਲ ਇਉਂ ਲਿਖਦੇ ਹਨ: "In any case, the institution of the Khalsa was meant to solve two basic problems; disunity within the Sikh community and the threat of aggression from outside. The first was sought to be solved by declaring that only those who alligned with Guru Gobind Singh were to be regarded as Sikhs".[5] ਇਸ ਦਾ ਭਾਵ ਇਹ ਹੋਇਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਥਕ ਏਕਤਾ ਕਾਇਮ ਕਰਨ ਲਈ ਖਾਲਸੇ ਦੀ ਸਿਰਜਨਾ ਕੀਤੀ ਤੇ ਇਸ ਮਨੋਰਥ ਲਈ ਆਪਣਾ ਧੜਾ ਖੜਾ ਕੀਤਾ ਜਿਸ ਦੇ ਅੰਤਰਗਤ ਜੋ ਗੁਰੂ ਸਾਹਿਬ ਨਾਲ ਹੋਵੇ ਉਹ ਸਿੱਖ, ਬਾਕੀ ਸਾਰੇ ਪੰਥ ਤੋਂ ਖਾਰਜ। ਇਹ ਧਾਰਨਾ ਤੱਥਾਂ ਦੇ ਆਧਾਰ 'ਤੇ ਹੀ ਗਲਤ ਨਹੀਂ, ਸਗੋਂ ਸੰਕਲਪ ਪਖੋਂ ਵੀ ਇਹ ਤਰਕ-ਸਿਧ ਨਹੀਂ। ਖਾਲਸੇ ਦੀ ਸਿਰਜਨਾ ਨੂੰ ਪ੍ਰਮਾਤਮਾ ਦੀ 'ਮੌਜ' ਅਨੁਸਾਰ ਅਕਾਲ ਪੁਰਖ ਦੀ 'ਫੌਜ' ਕਹਿਣ ਦਾ ਇਹੋ ਰਹੱਸ ਹੈ ਕਿ ਸਿੱਖ ਮਤਿ ਵਿਚ 'ਸੰਗਠਨ' ਸਿਧਾਂਤ ਵਿਚ ਵੀ ਬੀਜ-ਰੂਪ ਵਿਚ ਚਿਤਵਿਆ ਗਿਆ ਹੈ; ਇਹ ਵਕਤੀ ਤਕਾਜ਼ਿਆਂ ਦੀ ਪੈਦਾਵਾਰ ਨਹੀਂ। ਇਸ ਦਾ ਕਿਰਦਾਰ Empirical ਨਹੀਂ ਸਗੋਂ Transcendental ਹੈ।

ਸੰਗਠਨ ਦਾ ਕੀ ਕਿਰਦਾਰ ਹੈ? ਇਹ ਕਿਵੇਂ ਹੋਂਦ ਵਿਚ ਆਉਂਦਾ ਹੈ? ਇਸ ਪ੍ਰਸ਼ਨ ਬਾਰੇ ਆਮ ਤੌਰ 'ਤੇ ਦੋ ਖਿਆਲ ਵਿਚਰ ਰਹੇ ਹਨ। ਇਕ ਖਿਆਲ ਇਹ ਹੈ ਕਿ ਸੰਗਠਨ ਮਨੁਖ ਦੀਆਂ ਸਮਾਜਕ-ਰਾਜਨੀਤਿਕ ਲੋੜਾਂ ਲਈ ਵਕਤੀ ਤਕਾਜ਼ਿਆਂ ਅਨੁਸਾਰ ਮਨੁਖੀ ਯਤਨ ਦੀ ਪੈਦਾਵਾਰ ਹੈ। ਇਸ ਧਾਰਨਾ ਦਾ ਇਕ ਮੁੱਖ ਰੂਪ ਹੈ ਸਮਾਜੀ ਗਠ-ਬੰਧਨ ਅਥਵਾ ਸੋਸ਼ਲ ਕੰਟਰੈਕਟ (Social Contract) ਦਾ ਸਿਧਾਂਤ ਜਿਸ ਅਨੁਸਾਰ ਮਨੁਖ ਬੁਨਿਆਦੀ ਤੌਰ 'ਤੇ ਵਿਅਕਤੀਵਾਦੀ ਹੈ ਪਰ ਵਕਤੀ ਲੋੜਾਂ ਖਾਤਰ ਉਹ ਆਪਣੀ ਵਿਅਕਤੀਗਤ ਆਜ਼ਾਦੀ ਨੂੰ ਕੁਝ ਹੱਦ ਤਕ ਤਜ ਕੇ ਸਮਾਜੀ ਬੰਧਨ ਦੇ ਰੂਪ ਵਿਚ

ਸੰਗਠਨ ਘੜਦਾ ਹੈ। ਇਸ ਪ੍ਰਕਾਰ ਸੰਗਠਨ ਦਾ ਕਿਰਦਾਰ ਕਿਰਤਮ ਹੈ, ਦੈਵੀ (a priori) ਨਹੀਂ।
ਦੂਸਰਾ ਵਿਚਾਰ ਇਸ ਦੇ ਉਲਟ ਹੈ। ਇਸ ਅਨੁਸਾਰ ਸੰਗਠਨ, ਜਥੇਬੰਦੀ, ਕਿਰਤਮ ਨਹੀਂ ਸਗੋਂ ਪੂਰਵ-ਨਿਸ਼ਚਿਤ,ਧੁਰ-ਕੀ ਬਣਤਰ (a priori) ਦੇ ਰੂਪ ਵਿਚ ਮਨੁਖ ਨੂੰ ਪ੍ਰਾਪਤ ਹੈ। ਇਸੇ ਵਿਚਾਰ ਨੂੰ ਗੁਰੂ ਗੋਬਿੰਦ ਸਿੰਘ[6] ਜੀ ਨੇ ਇਉਂ ਦਰਸਾਇਆ : ਬਾਬੇ ਕੇ ਬਾਬਰ ਕੇ ਦੋਊ। ਆਪ ਕਰੇ ਪਰਮੇਸਰ ਸੋਊ॥ ਇਸ ਦਾ ਭਾਵ ਇਹ ਹੈ ਕਿ ਹਲਤ-ਮੁਖੀ ਤੇ ਪਲਤ-ਮੁਖੀ ਸੰਗਠਨ (Temporal and Spiritual State) 'ਧੁਰ ਕੀ ਬਣਤਰ' ਹਨ। ਇਹ ਕਿਰਤਮ ਨਹੀਂ ਜਿਸ ਨੂੰ ਮਨੁਖ ਜਦੋਂ ਚਾਹੇ ਤਿਆਗ ਦੇਵੇ ਤੇ ਸੰਗਠਨ-ਮੁਕਤ ਹੋ ਜਾਵੇ, ਸੰਗਠਨ-ਮਰਿਆਦਾ ਤੋਂ, ਸੰਗਠਨ-ਕਰਤਵ ਤੋਂ ਪਰੇ ਹਟ ਸਕੇ।

ਸਿੱਖ ਚਿੰਤਨ ਵਿਚ 'ਸੰਗਠਨ' ਨੂੰ ਕਿਉਂ ਧੁਰ-ਕੀ-ਬਣਤਰ ਸੰਕਲਪਿਆ ਗਿਆ ਹੈ? ਇਹ ਨੁਕਤਾ ਸਿੱਖ ਮਜ਼ਬ ਦੀ ਵਿਸ਼ਵ ਸਭਿਅਤਾ ਦੇ ਇਤਿਹਾਸ ਵਿਚ ਵਿਸ਼ੇਸ਼ਤਾਈ ਤੇ ਵਿਲੱਖਣਤਾ ਵੱਲ ਸੰਕੇਤ ਕਰਦਾ ਹੈ। ਯੂਨਾਨੀ ਫਲਸਫੇ ਅਨੁਸਾਰ ਸੰਗਠਨ ਦੀ ਅਵਸ਼ੱਕਤਾ ਇਸ ਲਈ ਹੈ ਕਿ ਇਹ ਮਨੁਖੀ ਅਸਲੇ ਦੇ ਸ੍ਵੈ-ਪ੍ਰਗਟਾਏ ਦਾ ਕੁਦਰਤੀ ਮਾਧਿਅਮ ਹੈ। ਇਸਾਈ ਮੱਤ ਅਨੁਸਾਰ ਮਨੁਖੀ ਬਿਰਤੀ ਦੁਰਾਚਾਰੀ ਹੈ, ਗੁਨਾਹ ਵੱਲ ਮੁੱਢੋਂ ਪ੍ਰੇਰਿਤ ਹੈ। ਇਸ ਬਿਰਤੀ ਨੂੰ ਸੰਜਮ ਵਿਚ ਰੱਖਣ ਲਈ ਸੰਗਠਨ ਦੀ ਲੋੜ ਹੈ। ਇਸੇ ਲਈ ਚਰਚ ਦੇ ਸੰਗਠਨ ਵਿਚ ਗੁਨਾਹ ਕਬੂਲ ਕਰਨ ਨੂੰ ਇਕ ਵਿਸ਼ੇਸ਼ ਰੀਤੀ ਮੰਨਿਆ ਗਿਆ ਹੈ। ਦੂਸਰੇ ਪਾਸੇ ਸਿੱਖ ਮਤਿ ਵਿਚ ਸੰਗਠਨ ਨੂੰ ਪਰਮ-ਹਸਤੀ ਦਾ ਇਤਿਹਾਸ ਦੀ ਦਿਸ਼ਾ ਵਿਚ ਕਾਲਗਤ ਪੱਧਰ 'ਤੇ ਪ੍ਰਗਟ-ਰੂਪ ਤਸਵੱਰ ਕੀਤਾ ਗਿਆ ਹੈ। ਸਿੱਖ ਮਤਿ ਤੋਂ ਪਹਿਲੇ ਵਿਸ਼ਵ ਧਰਮ-ਦਰਸ਼ਨ ਵਿਚ ਪਰਮ-ਹਸਤੀ ਦੇ ਪੰਜ ਮੋਟੇ ਰੂਪ ਤਸਵੱਰ ਹੁੰਦੇ ਸਨ। ਬ੍ਰਹਮ, ਕੁਦਰਤ (Space) ਵਿਚ ਪ੍ਰਕਾਸ਼ਮਾਨ ਹੈ। ਬ੍ਰਹਮ ਮਨੁਖੀ ਹਿਰਦੇ ਵਿਚ ਵਿਦਮਾਨ ਹੈ। ਪਰਮ-ਹਸਤੀ 'ਸ਼ਬਦ' ਵਿਚ ਧੁਰੋਂ ਉਤਰ ਕੇ ਪ੍ਰਵੇਸ਼ਿਤ ਹੁੰਦੀ ਹੈ। ਚੌਥਾ ਵਿਚਾਰ ਇਹ ਰਿਹਾ ਹੈ ਕਿ ਪਰਮ-ਹਸਤੀ ਸਮੇਂ ਸਮੇਂ ਸੰਸਾਰ ਵਿਚ ਵਿਅਕਤੀ-ਰੂਪ ਵਿਚ ਅਵਤਾਰ ਧਾਰਨ ਕਰਦੀ ਹੈ। 'ਅਵਤਾਰ' ਆਪਣਾ ਕਰਤਵ ਨਿਭਾ ਕੇ ਮੁੜ ਸੰਸਾਰੋਂ ਪਰੇ ਹੋ ਜਾਂਦਾ ਹੈ। ਪੰਜਵਾ ਵਿਚਾਰ ਇਹ ਰਿਹਾ ਹੈ ਕਿ ਪਰਮ ਪੁਰਖ (God) ਨੇ ਈਸਾ ਦੇ ਰੂਪ ਵਿਚ 'ਦੈਵੀ-ਪੁਤ੍ਰ' ਵਜੋਂ ਸੰਸਾਰ ਵਿਚ ਇਕ ਵਾਰ ਵਿਅਕਤੀਰੂਪ ਵਿਚ ਪ੍ਰਵੇਸ਼ ਕੀਤਾ, ਆਪਣਾ ਕਰਤਵ ਨਿਭਾਉਣ ਪਿਛੋਂ ਇਹ ਹਸਤੀ ਅਲੋਪ ਹੋ ਗਈ। ਪਰ ਅੰਤਿਮ ਭੋਜਨ (Sacrament of the Last Supper) ਦੀ ਰਸਮ ਰਾਹੀਂ ਈਸਾ ਰੂਪ-ਪਰਿਵਰਤਿਤ ਹੋ ਕੇ ਪ੍ਰਗਟ ਹੁੰਦਾ ਹੈ। ਈਸਾ ਦਾ ਖੂਨ ਭੋਜਨ ਦੀ 'ਵਾਈਨ' ਤੇ ਉਸ ਦਾ ਮਾਸ 'ਬ੍ਰੈਡ' ਦਾ ਰੂਪ ਧਾਰਨ ਕਰਦਾ ਹੈ। ਇਉਂ ਹਜ਼ਰਤ ਯਸੂ ਮਸੀਹ ਦਾ (ਪਰਮ-ਪੁਰਖ ਦੇ ਦੈਵੀ ਪੁਤ੍ਰ ਦੇ ਰੂਪ ਵਿਚ) ਅੰਤਿਮ ਭੋਜਨ ਦੀ ਰਸਮ ਰਾਹੀਂ ਸੰਸਾਰ ਵਿਚ ਨਿਰੰਤਰ ਪ੍ਰਵੇਸ਼ ਹੁੰਦਾ ਹੈ (ਰੂਪ ਪਰਿਵਰਤਿਤ ਹੋ ਕੇ)।

ਸਿੱਖ ਫਲਸਫੇ ਨੇ ਇਕ ਨਵਾਂ ਅਦੁਤੀ ਵਿਚਾਰ ਸਾਹਮਣੇ ਲਿਆਂਦਾ ਹੈ ਕਿ ਪਰਮ ਹਸਤੀ 'ਸ਼ਬਦ' ਵਿਚ ਵਿਦਮਾਨ ਹੋਣ ਦੇ ਨਾਲ ਨਾਲ 'ਸੰਗਠਨ' ਵਿਚ ਪ੍ਰਵੇਸ਼ ਕਰਦੀ ਹੈ (ਸੰਗਤ ਵਿਚ ਗੁਰੂ ਦਾ ਵਾਸ ਏਸੇ ਵਿਚਾਰ ਦਾ ਇਕ ਰੂਪ ਹੈ) ਅਕਾਲ ਪੁਰਖ ਦੀ ਜੋਤ ਕਾਲ (ਇਤਿਹਾਸ) ਵਿਚ ਗੁਰੂ ਦੁਆਰਾ ਪ੍ਰਵੇਸ਼ ਕਰਦੀ ਹੈ। ਅੰਤ ਨੂੰ (ਸਮਾਜੀ) ਸੰਗਠਨ ਵਿਚ ਲੀਨ ਹੋ ਜਾਂਦੀ ਹੈ। ਇਸ ਤਰ੍ਹਾਂ (ਸਮਾਜੀ) ਸੰਗਠਨ ਅਕਾਲ ਪੁਰਖ ਦਾ ਪ੍ਰਗਟ-ਰੂਪ ਅਰਥਾਤ ਪ੍ਰਗਟ-ਮਾਧਿਅਮ ਸਿਧ ਹੁੰਦਾ ਹੈ। ਸਿੱਖ ਮਤਿ ਦੇ ਸੰਸਥਾਤਮਕ ਪ੍ਰਸੰਗ ਵਿਚ ਇਸ ਸੰਕਲਪ ਨੂੰ ਇਉਂ ਬਿਆਨ ਕੀਤਾ ਜਾ ਸਕਦਾ ਹੈ : ਅਕਾਲ ਪੁਰਖ ਹੀ ਹਲਤ ਤੇ ਪਲਤ ਵਿਚ 'ਸੱਚਾ ਪਾਤਸ਼ਾਹ' ਹੈ; ਉਹ ਹਲਤਮੁਖੀ (Temporal) ਤੇ ਪਲਤਮੁਖੀ



(spiritual) ਪ੍ਰਭੁਤਾ (sovereignty) ਦਾ ਸੁਆਮੀ ਹੈ। ਪਰਮ ਪੁਰਖ ਦੇ ਇਹ ਗੁਣ ਮੀਰੀ ਤੇ ਪੀਰੀ ਦੇ ਕਾਲ ਅਥਵਾ ਇਤਿਹਾਸ ਵਿਚ ਪ੍ਰਵੇਸ਼ ਹੋਣ ਨਾਲ ਗੁਰੂ ਸ਼ਖਸੀਅਤ 'ਤੇ ਕੇਂਦਰਿਤ ਹੋ ਜਾਂਦੇ ਹਨ। (ਇਸ ਦੇ ਪ੍ਰਤੀਕ ਵਜੋਂ ਗੁਰੂ ਹਰਿ ਗੋਬਿੰਦ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ) ਗੁਰੂ ਤਤ੍ਵ ਦੇ ਇਹ ਦੋ ਪਹਿਲੂ ਜਾਂ ਗੁਣ ਅੰਤ ਨੂੰ 'ਸ਼ਬਦ' ਤੇ 'ਸੰਗਠਨ' ਵਿਚ ਸਮਾ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਪੀਰੀ ਸੌਂਪ ਕੇ ਗੁਰੂ ਗ੍ਰੰਥ ਦਾ ਦਰਜਾ ਦਿਤਾ ਤੇ ਪੰਥਕ ਸੰਗਠਨ ਨੂੰ ਖਾਲਸੇ ਦੇ ਰੂਪ ਵਿਚ ਮੀਰੀ ਬਖ਼ਸ਼ ਕੇ ਪੰਥ ਨੂੰ ਗੁਰੂ-ਪੰਥ ਅਰਥਾਤ ਖਾਲਸਾ ਪੰਥ ਦਾ ਰੁਤਬਾ ਦਿਤਾ। ਇਉਂ ਖਾਲਸਾ ਸੰਗਠਨ ਅਕਾਲ ਪੁਰਖ ਦੀ ਮੂਰਤਿ ਅਥਵਾ ਪ੍ਰਗਟ ਰੂਪ ਸਿੱਧ ਹੁੰਦਾ ਹੈ : 'ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੌਂ ਕਰੋਂ ਨਿਵਾਸ। (ਗੁਰੂ ਗੋਬਿੰਦ ਸਿੰਘ) 'ਅਕਾਲ ਪੁਰਖ ਕੀ ਸੂਰਤਿ ਏਹ,ਪ੍ਰਗਟਿ ਅਕਾਲ ਖਾਲਸਾ ਦੇਹ।(ਰਹਿਤ-ਨਾਮਾ ਲੇਖਕ ਪ੍ਰਹਿਲਾਦ ਰਾਏ)

ਅਕਾਲ (ਜੋਤ) ਦਾ ਕਾਲ (ਇਤਿਹਾਸ) ਵਿਚ ਪ੍ਰਵੇਸ਼ ਤੇ ਅੰਤ ਨੂੰ (ਸਮਾਜੀ) 'ਸੰਗਠਨ' ਵਿਚ ਲੀਨ ਹੋਣਾ ਵਿਸ਼ਵ ਸਭਿਅਤਾ ਦੇ ਇਤਿਹਾਸ ਵਿਚ ਨਿਰੋਲ ਨਵਾਂ ਤੇ ਅਦੁਤੀ ਸੰਕਲਪ ਹੈ। ਉਨ੍ਹੀਵੀਂ ਸਦੀ ਵਿਚ ਜਰਮਨ ਫਿਲਾਸਫ਼ਰ ਹੀਗਲ ਨੇ ਇਹ ਵਿਚਾਰ ਦਿਤਾ ਸੀ ਕਿ ਪਰਮ ਹਸਤੀ ਵਿਕਸਿਤ ਸਮਾਜ ਵਿਚ ਰਾਸ਼ਟਰ (State) ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਸਮਾਜੀ ਪੱਧਰ 'ਤੇ 'ਰਾਸ਼ਟਰ' ਪਰਮ ਜੋਤ, ਪਰਮ ਹਸਤੀ ਦਾ ਪ੍ਰਗਟ-ਰੂਪ ਹੈ। ਪਰ ਇਸ ਸੰਕਲਪ ਨਾਲ 'ਰਾਸ਼ਟਰ' ਇਕ-ਪੁਰਖੀ ਡਿਕਟੇਟਰਸ਼ਿਪ ਵਲ ਉਲਾਰ ਹੋ ਜਾਂਦਾ ਹੈ, ਲੋਕ ਤੰਤ੍ਰੀ, ਗਣ-ਤੰਤ੍ਰੀ ਸੁਭਾ ਗੁਆ ਬਹਿੰਦਾ ਹੈ। ਦੂਸਰੇ ਪਾਸੇ 'ਰਾਸ਼ਟਰ' ਦੇ ਮੁਕਾਬਲੇ 'ਸੰਗਠਨ' ਨੂੰ ਪਰਮ-ਜੋਤ ਦਾ ਪ੍ਰਗਟ ਰੂਪ ਤਸਵੱਰ ਕਰ ਕੇ ਸਿੱਖ ਫਲਸਫੇ ਨੇ ਲੋਕ-ਤੰਤ੍ਰੀ, ਗਣਤੰਤ੍ਰੀ ਵਿਵਸਥਾ ਨੂੰ ਯਕੀਨੀ ਬਣਾਇਆ ਹੈ। 'ਰਾਸ਼ਟਰ' 'ਸੰਗਠਨ' ਦਾ ਇਕ ਰੂਪ ਹੈ,ਇਸ(ਸੰਗਠਨ) ਦੀ ਸਮੁੱਚਤਾ ਨਹੀਂ। 'ਸੰਗਠਨ' ਨੂੰ ਰਾਸ਼ਟਰ ਦੇ ਮੁਕਾਬਲੇ ਦੈਵੀ ਜੋਤ ਦਾ ਪ੍ਰਗਟ ਰੂਪ ਕਰਾਰ ਦੇ ਕੇ ਸਿੱਖ ਮਤਿ ਨੇ ਆਮ ਰਾਜ਼ਟਰ ਤੋਂ ਉਚੇਰੇ 'ਰਾਸ਼ਟਰ' ਨੂੰ ਚਿਤਵਿਆ ਹੈ ਜਿਸ ਨੂੰ ਗੁਰਮਤਿ ਦੀ ਪਰਿਭਾਸ਼ਾ ਵਿਚ ਖਾਲਸਾ ਕਿਹਾ ਗਿਆ ਹੈ (ਏਸੇ ਲਈ ਜੇ. ਡੀ. ਕਨਿੰਘਮ[7] ਨੇ ਅਠਾਹਰਵੀਂ ਸਦੀ ਵਿਚ ਖਾਲਸੇ ਦੇ ਵਿਕਸਿਤ ਰੂਪ ਨੂੰ ਰਾਸ਼ਟਰ ਕਿਹਾ ਹੈ)।

ਉਪਰੋਕਤ ਪ੍ਰਸੰਗ ਵਿਚ ਅਸੀਂ ਇਹ ਨੁਕਤਾ ਸਹਿਜੇ ਹੀ ਸਮਝ ਸਕਦੇ ਹਾਂ ਕਿ ਕਿਉਂ ਸਿੱਖ ਮਤਿ ਵਿਚ ਸੰਗਠਨ ਨੂੰ ਧੁਰ-ਕੀ ਬਣਤਰ ਤਸਵੱਰ ਕੀਤਾ ਗਿਆ। ਸੰਗਠਨ ਅਕਾਲ ਜੋਤ ਦਾ ਕਾਲਗਤ ਪੱਧਰ 'ਤੇ ਇਤਿਹਾਸ ਵਿਚ ਪ੍ਰਗਟ-ਰੂਪ ਹੈ। ਖਾਲਸਾ ਸੰਗਠਨ (The Order of the Khalsa) ਅਕਾਲ ਪੁਰਖ ਦੀ ਹਲਤ-ਮੁਖੀ ਪ੍ਰਭੁਤਾ ਦਾ ਮਾਧਿਅਮ ਹੈ, ਇਹ ਗੁਰੂ ਤਤ੍ਵ (ਪੀਰੀ ਪਹਿਲੂ) ਦਾ ਧਾਰਨੀ ਹੈ। ਇਸ ਦਾਰਸ਼ਨਿਕ ਸੰਕਲਪ ਦੇ ਕਈ ਮਹੱਤਵ-ਪੂਰਣ ਨਤੀਜੇ ਨਿਕਲਦੇ ਹਨ।

ਸੰਗਠਨ ਦੇ ਇਸ ਸੰਕਲਪ ਨੇ ਸਿੱਖ ਮਜ਼ਬ ਨੂੰ ਇਕ ਸੰਗਠਨ-ਗਤ ਕਿਰਦਾਰ ਦਿਤਾ ਹੈ, ਇਕ ਨਿਰੰਤਰ ਵਿਕਾਸ ਕਰਦਾ ਸੰਸਥਾਤਮਕ ਰੂਪ ਬਖ਼ਸ਼ਿਆ ਹੈ ਜਿਸ ਵਿਚ ਗੁਰਦੁਆਰਾ, ਸੰਗਤ, ਬਾਈ ਮੰਜੀਆਂ, ਮੁੱਢਲਾ ਮਸੰਦ-ਸਿਸਟਮ, ਸ੍ਰੀ ਅਕਾਲ ਤਖਤ, ਨਿਸ਼ਾਨ ਸਾਹਿਬ ਆਦਿ ਵਿਸ਼ੇਸ਼ ਅਹਿਮੀਅਤ ਰਖਦੇ ਹਨ। ਇਹਨਾਂ ਸੰਸਥਾਵਾਂ ਨੇ ਸੰਗਠਨ ਦੇ ਗੁਰਮਤਿ ਦੇ ਨਿਰਨੇ ਦੇ ਵੱਖ ਵੱਖ ਪਹਿਲੂਆਂ ਨੂੰ ਰੂਪਮਾਨ ਕਰਦੇ ਹੋਏ ਸਮੁੱਚੇ ਸਿੱਖ ਮਜ਼ਬ ਨੂੰ ਇਕ ਉਚੇਰੇ 'ਰਾਸ਼ਟਰ' ਦਾ ਮੁੰਹ-ਮੁਹਾਂਦਰਾ ਦਿਤਾ ਹੈ। ਇਹ ਭਾਵਨਾ ਸਿੱਖ ਚੇਤਨਾ ਵਿਚ ਇਸ ਹੱਦ ਤਕ ਘਰ ਕਰ ਗਈ ਹੈ ਕਿ ਇਸ ਨੇ, ਅਰਥਾਤ ਖਾਲਸੇ ਦੇ ਉਚੇਰੇ ਰਾਸ਼ਟਰ ਹੋਣ ਦੇ ਅਹਿਸਾਸ ਨੇ, ਵੇਲੇ ਦੇ ਰਾਜਸੀ ਰਾਸ਼ਟਰ ਵੱਲ ਇਕ ਤਰ੍ਹਾਂ ਦੀ ਜਮਾਂਦਰੂ ਬੇਪ੍ਰਤੀਤੀ ਦੀ ਭਾਵਨਾ ਨੂੰ ਮਘਦੇ ਰਖਿਆ ਹੈ। ਇਹੋ ਭਾਵਨਾ ਸੀ ਜਿਸ ਸਦਕਾ ਅਠ੍ਹਾਰਵੀਂ

ਸਦੀ ਦੇ ਪਹਿਲੇ ਅੱਧ ਵਿਚ ਸੰਗਠਤ ਕੇਂਦਰੀ ਪੰਥਕ ਜਥੇਬੰਦੀ ਦੀ ਅਣਹੋਂਦ ਦੇ ਬਾਵਜੂਦ ਸਿੱਖ ਮੁਗਲ ਸਰਕਾਰ ਤੇ ਦੂਜੇ ਪਾਸੇ ਨਾਦਰਸ਼ਾਹ, ਅਹਿਮਦਸ਼ਾਹ ਆਦਿ ਦੇ ਖਿਲਾਫ ਜੂਝਦੇ ਰਹੇ। ਇਕ ਉਚੇਰੇ ਰਾਸ਼ਟਰ ਦਾ ਅੰਗ ਹੋਣ ਤੇ ਇਸ ਦੀ ਇਤਿਹਾਸਕ ਅਟਲਤਾ ਦੇ ਅਹਿਸਾਸ ਨੇ ਹੀ ਸਿੱਖ ਮਿਸਲਾਂ ਦੀ ਸ਼ਕਲ ਵਿਚ ਸੰਸਥਾਤਮਕ ਜਥੇਬੰਦਕ ਰੂਪ ਨੂੰ ਜਨਮ ਦਿਤਾ ਸੀ, ਦਲ ਖਾਲਸਾ ਜਿਨ੍ਹਾਂ ਦੀ ਜੱਥੇ-ਬੰਦਕ ਸਮੁੱਚਤਾ ਦਾ ਪ੍ਰਤੀਕ ਸੀ।

ਮਿਸਲਾਂ ਦੇ ਰੂਪ ਵਿਚ ਵੱਖ ਵੱਖ ਅੰਸ਼ਕ ਜਥੇਬੰਦੀਆਂ ਜਾਂ ਦਲ ਖਾਲਸਾ ਦੇ ਰੂਪ ਵਿਚ ਸਮੁੱਚੀ ਪੰਥਕ ਜਥੇਬੰਦੀ ਦੇ ਦੋ ਲਛਣ ਬਹੁਤ ਮਹੱਤਵਪੂਰਣ ਹਨ;ਇਕ ਹਾਂ-ਮੁੱਖੀ ਤੇ ਇਕ ਨਾਂਹ-ਮੁੱਖੀ। ਹਾਂ-ਮੁਖੀ ਲਛਣ ਤਾਂ ਇਹ ਹੈ ਕਿ ਉਸ ਵੇਲੇ ਪੰਥਕ ਜਥੇਬੰਦੀ ਸੰਗਠਨ ਦੀ ਖਾਲਸਾਈ ਭਾਵਨਾ ਦੀ ਧਾਰਨੀ ਤਾਂ ਅਵਸ਼ੱਕ ਸੀ ਪਰ ਨਾਂਹ-ਮੁੱਖੀ ਪੱਖ ਇਹ ਸੀ ਕਿ ਬਣਤਰ (Form) ਵੱਲ ਚੰਗੀ ਤਰ੍ਹਾਂ ਸੁਚੇਤ ਨਹੀਂ ਸੀ। ਬਣਤਰ ਤਦ-ਅਰਥ ਕਿਸਮ ਦੀ ਰਹੀ। ਏਸੇ ਕਾਰਨ ਅਠ੍ਹਾਰਵੀਂ ਸਦੀ ਦੀ ਪੰਥਕ ਜਥੇਬੰਦੀ ਰਾਜ-ਸੱਤਾ ਦੀਆਂ ਲੋੜਾਂ ਅਨੁਸਾਰ ਸੰਸਥਾਤਮਕ ਢਾਂਚਾ ਨਾ ਉਸਾਰ ਸਕੀ। ਰਾਜ-ਸੱਤਾ ਲਈ ਸੰਘਰਸ਼ ਦੌਰਾਨ ਤਾਂ ਖਾਲਸਾਈ ਸੰਗਠਨ ਦੇ ਇਕ ਉਚੇਰੇ ਤੇ ਅਟੱਲ ਰਾਸ਼ਟਰ ਹੋਣ ਦਾ ਵਿਚਾਰ ਕਾਫ਼ੀ ਸੀ ਪਰ ਰਾਜ-ਸੱਤਾ ਪ੍ਰਾਪਤੀ ਹੋਣ 'ਤੇ ਜਥੇਬੰਦਕ ਬਣਤਰ ਅਥਵਾ ਸੰਸਥਾਤਮਕ ਢਾਂਚੇ ਦੀ ਉਸਾਰੀ ਦੀ ਲੋੜ ਸੀ ਜਿਸ ਵੱਲ ਧਿਆਨ ਨਹੀਂ ਦਿਤਾ ਗਿਆ। ਸੰਗਠਨ ਦੀ ਕ੍ਰਿਆਸ਼ੀਲ ਸਪਿਰਟ ਸੰਗਠਨ ਦੀ ਸੰਸਥਾਤਮਕ ਬਣਤਰ ਦਾ ਬਦਲ ਨਹੀਂ ਹੋ ਸਕਦੀ। ਪਰ ਇਸ ਚੇਤਨਾ ਦਾ ਅਭਾਵ ਪੰਥਕ ਜਥੇਬੰਦੀ ਦਾ ਕਮਜ਼ੋਰ ਪਹਿਲੂ ਚਲਿਆ ਆ ਰਿਹਾ ਹੈ ਤੇ ਜਦੋਂ ਰਾਜ-ਸੱਤਾ ਮਹਾਰਾਜਾ ਰਣਜੀਤ ਸਿੰਘ ਦੇ ਹੱਥਾਂ ਵਿਚ ਕੇਂਦਰਿਤ ਹੋਈ ਤਾਂ ਪੰਥਕ ਜਥੇਬੰਦੀ ਅਰਥਾਤ ਸੰਗਠਨ ਕਿਉਂਕਿ ਆਪਣੇ ਅੰਦਰ ਰਮ ਰਹੀ ਸਪਿਰਟ ਦੇ ਅਨੁਕੂਲ ਸੰਸਥਾਤਮਕ ਬਣਤਰ ਨਹੀਂ ਸੀ ਰਚ ਸਕਿਆ,ਇਸ ਲਈ ਸਿੱਟੇ ਵਜੋਂ 'ਬਣਤਰ' ਦੇ ਅਧਿਆਸ(Super imposition) ਨਾਲ ਖਾਲਸਾਈ ਸੰਗਠਨ ਦੀ ਆਂਤ੍ਰਿਕ ਸਪਿਰਟ ਵੀ ਅਲੋਪ ਹੋ ਗਈ ਜਾਂ ਘਟੋ ਘਟ ਮਧਮ ਪੈ ਗਈ। ਗਣ-ਤੰਤ੍ਰੀ ਰਾਜ ਵਿਵਸਥਾ ਦੀ ਥਾਂ ਇਕ-ਪੁਰਖੀ ਫਿਊਡਲ ਪ੍ਰਬੰਧ ਨੇ ਲੈ ਲਈ। ਪੰਥਕ ਸੰਗਠਨ ਦੀ ਆਂਤ੍ਰਿਕ "ਸਪਿਰਟ" ਤੇ ਬਾਹਰੋਂ ਥੋਪੇ "ਰੂਪ" ਅਥਵਾ "ਬਣਤਰ" ਦੇ ਆਪਸੀ ਵਿਰੋਧ ਤੇ ਤਨਾਓ ਕਾਰਨ ਸਿੱਖ ਲਹਿਰ ਆਪਣੇ ਇਤਿਹਾਸਕ ਮਿਸ਼ਨ ਤੋਂ ਲਾਂਭੇ ਹਟ ਗਈ। ਪੰਥਕ ਜਥੇਬੰਦੀ ਦੀ ਸਮੁੱਚੀ ਸੰਗਠਨਾਤਮਕ ਸ਼ਖਸੀਅਤ ਦੇ ਪ੍ਰਤੀਕ-'ਗੁਰਮਤੇ'-ਦੀ ਪਰੰਪਰਾ ਸੰਨ 1805 ਤੋਂ ਬਾਅਦ ਖਤਮ ਕਰ ਦਿਤੀ ਗਈ।

ਜਿਥੇ ਸਿੱਖ ਮਤਿ ਅੰਦਰ ਰਮ ਰਹੇ ਸੰਗਠਨ ਦੇ ਸੰਕਲਪ ਨੇ ਇਸ ਮਜ਼ਬ ਨੂੰ ਇਕ ਉਚੇਰੇ ਰਾਸ਼ਟਰ ਦੀ ਸੰਸਥਾਤਮਕ ਭਾਵਨਾ ਦਿਤੀ ਹੈ ਉਥੇ ਨਾਲ ਹੀ ਇਸ ਨੇ ਸਿੱਖ ਫ਼ਿਰਕੇ ਦੇ ਆਂਤ੍ਰਿਕ ਵਿਕਾਸ ਵਿਚ ਵੀ ਵਿਸ਼ੇਸ਼ ਰੋਲ ਅਦਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਤੇ ਫੇਰੀਆਂ ਦੌਰਾਨ ਭਾਰਤ ਤੇ ਭਾਰਤ ਤੋਂ ਬਾਹਰ ਵੱਖ ਵੱਖ ਥਾਵਾਂ 'ਤੇ ਸੰਗਤਾਂ ਸਥਾਪਤ ਕੀਤੀਆਂ, ਸੰਗਠਨ ਦੀਆਂ ਮੁਢਲੀਆਂ ਇਕਾਈਆਂ ਦੇ ਰੂਪ ਵਿਚ। ਇਸ ਸਿਲਸਿਲੇ ਵਿਚ ਗੁਰੂ ਅਮਰ ਦਾਸ ਨੇ ਬਾਈ ਮੰਜੀਆਂ ਸਥਾਪਤ ਕੀਤੀਆਂ। ਗੁਰੂ ਅਰਜਨ ਦੇਵ ਜੀ ਨੇ ਮਸੰਦ ਸਿਸਟਮ ਕਾਇਮ ਕੀਤਾ। ਸੰਸਥਾ-ਸਿਰਜਨ ਦੀ ਇਹ ਪ੍ਰਕਿਰਿਆ ਸੰਨ 1699 ਦੇ ਵਿਸਾਖੀ ਦਿਹਾੜੇ ਆਨੰਦਪੁਰ ਸਾਹਿਬ ਆਪਣੇ ਸਿਖ਼ਰ ਨੂੰ ਪਹੁੰਚੀ ਜਦੋਂ ਖੰਡੇ ਦੇ ਅੰਮ੍ਰਿਤ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੇ ਧਾਰਮਿਕ ਫ਼ਿਰਕੇ ਦੇ ਵਿਕਾਸ ਨੂੰ ਨਵਾਂ ਸੰਸਥਾਤਮਕ ਰੂਪ ਦਿਤਾ ਜਿਸ ਨੂੰ ਭਾਈ ਗੁਰਦਾਸ (ਦੂਜਾ) ਨੇ 'ਗੁਰ ਸੰਗਤ ਕੀਨੀ ਖਾਲਸਾ' ਕਿਹਾ ਹੈ ਤੇ ਜਿਸ ਦੇ ਨਵੇਂ ਰੂਪ ਨੂੰ ਅਜ ਦੀ ਪਰਿਭਾਸ਼ਾ ਵਿਚ ਨੀਰਦ ਚੌਧਰੀ[8] ਨੇ "Political



Community"(nation) ਕਿਹਾ ਹੈ। 1699 ਦੇ ਵਿਸਾਖੀ ਦਿਹਾੜੇ ਵਾਪਰਿਆ ਇਹ ਰੂਪ ਪਰਿਵਰਤਣ ਗੁਰਮਤਿ ਦੇ ਸੰਗਠਨ ਸਬੰਧੀ ਮੂਲ ਸੰਕਲਪ ਅਨੁਸਾਰ ਹੀ ਸੀ। ਜਦੋਂ ਸੰਗਤ ਤੋਂ ਵਿਕਾਸ ਕਰਦਾ ਸੰਗਠਨ ਪੂਰਨਤਾ ਨੂੰ ਪਹੁੰਚਿਆ ਤਾਂ ਇਹ ਰੱਬੀ ਜੋਤ ਦੇ ਪ੍ਰਕਾਸ਼ ਲਈ ਗੁਰੂ ਤਤ੍ਹ ਦੇ ਮੀਰੀ ਪਹਿਲੂ ਅਰਥਾਤ ਚਕ੍ਰਵੈ-ਪਦ (Temporal Sovereignty of God) ਨੂੰ ਧਾਰਨ ਕਰਨ ਯੋਗ ਹੋ ਗਿਆ। "ਚਕ੍ਰਵੈ ਪਦ ਦਾਤ ਧੁਰ ਪਾਯੋ।[9] ਇਸ ਤਰ੍ਹਾਂ ਸੰਗਠਨ ਦੇ ਵਿਚਾਰਾਧੀਨ ਸੰਕਲਪ ਦੇ ਆਧਾਰ 'ਤੇ ਖਾਲਸਾ ਪੰਥ ਦੇ ਆਰੰਭ ਤੋਂ ਹੀ ਚਕ੍ਰਵੈ-ਪਦ ਦੇ ਧਾਰਨੀ ਹੋਣ ਦਾ ਵਿਸ਼ਵਾਸ ਵਿਚਰ ਰਿਹਾ ਹੈ।

ਸਿੱਖ-ਮਤਿ ਦੇ ਸੰਗਠਨ ਸੰਕਲਪ ਦਾ ਇਕ ਹੋਰ ਬਹੁਤ ਮਹੱਤਵਪੂਰਨ ਨਤੀਜਾ ਨਿਕਲਦਾ ਹੈ। ਕਿਉਂਕਿ ਸੰਗਠਨ ਹੀ ਪਰਮ ਹਸਤੀ ਦਾ ਪ੍ਰਗਟ ਰੂਪ ਹੈ, ਕਿਉਂਕਿ ਗੁਰੂ ਤਤ੍ਹ ਸੰਗਠਨ ਵਿਚ ਵਿਦਮਾਨ ਹੈ, ਕਿਉਂਕਿ ਚਕ੍ਰਵੈ-ਪਦ ਸੰਗਠਨ ਦਾ ਹੀ ਲਛਣ ਹੈ, ਇਸ ਲਈ ਸਮੁਚੀ ਪੰਥਕ ਸ਼ਕਤੀ ਅਥਵਾ ਚਕ੍ਰਵੈ-ਸੱਤਾ ਸੰਗਠਨ ਵਿਚ ਵਾਸਾ ਕਰਦੀ ਹੈ, ਕਿਸੇ ਵਿਅਕਤੀ ਵਿਚ ਨਹੀਂ। ਇਸੇ ਲਈ ਸਿੱਖ ਮਤਿ ਵਿਚ ਈਸਾਈ ਪੋਪ ਜਾਂ ਇਸਲਾਮ ਦੇ ਖਲੀਫ਼ੇ ਵਰਗੀ ਕੋਈ ਸੰਸਥਾ ਨਹੀਂ; ਪੰਥਕ ਜਥੇਬੰਦੀ ਦਾ ਜਥੇਦਾਰ ਜਥੇਬੰਦੀ ਦਾ ਬੁਲਾਰਾ ਹੈ, ਇਕ-ਪੁਰਖੀ ਅਧਿਕਾਰ-ਸੁਆਮੀ ਨਹੀਂ। ਜੇਕਰ ਖਾਲਸਾਈ ਸੰਗਠਨ ਸਮੁੱਚੀ ਸੰਸਥਾਤਮਕ ਪੰਥਕ ਸ਼ਖਸੀਅਤ ਦਾ ਮੂੰਹ-ਮੁਹਾਂਦਰਾ ਹੈ ਤਾਂ ਗੁਰਮਤਾ ਇਸ ਸ਼ਖਸੀਅਤ ਦਾ 'ਬੋਲ' ਹੈ, ਇਸ ਵਿਚ ਸਮੁੱਚੀ ਜਥੇਬੰਦੀ ਇਕ-ਮਨ, ਇਕ-ਚਿਤ ਹੋ ਕੇ, ਯਾਨੀ ਇਕ ਰੂਪ ਹੋ ਕੇ ਪ੍ਰਗਟ ਹੁੰਦੀ ਹੈ।

ਗੁਰਮਤਾ ਸ੍ਰੀ ਅਕਾਲ ਤਖ਼ਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਕੀਤੇ ਜਾਣ ਦਾ ਖਾਸ ਰਹੱਸ ਹੈ: ਅਕਾਲ ਬੁੰਗੇ ਚੜਿ ਤਖ਼ਤੇ ਬਹਿ ਹੈ, ਲਾਇ ਦੀਵਾਨ ਗੁਰਮਤੇ ਮਤੇ ਹੈਂ।" (ਰਤਨ ਸਿੰਘ ਭੰਗੂ, ਪੰਥ ਪ੍ਰਕਾਸ਼) ਸ੍ਰੀ ਅਕਾਲ ਤਖ਼ਤ ਗੁਰੂ-ਪੰਥ ਵਿਚ ਵਿਦਮਾਨ ਅਕਾਲ ਪੁਰਖ ਦੇ 'ਚਕ੍ਰਵੈ-ਪਦ' ਦਾ ਪ੍ਰਤੀਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਅਜੇਹੀ ਮਾਨਸਕ ਅਵਸਥਾ ਹੋਂਦ ਵਿਚ ਆਉਂਦੀ ਹੈ ਜਿਸ ਵਿਚ ਵਿਅਕਤੀਗਤ ਆਪਾ ਪੰਥ ਦੀ ਸੰਸਥਾਤਮਕ ਸਮੂਹਕ ਸ਼ਖਸੀਅਤ ਨਾਲ ਇਕ-ਮਿਕ ਹੋ ਜਾਂਦਾ ਹੈ। ਅਜੇਹੀ ਮਾਨਸਕ ਅਵਸਥਾ ਗੁਰਮਤੇ ਦੀ ਮੁਢਲੀ ਸ਼ਰਤ ਹੈ। ਇਸ ਅਵਸਥਾ ਵਿਚ 'ਦੁਈ' ਭਾਵਨਾ ਨਹੀਂ ਰਹਿੰਦੀ; ਪੱਖਪਾਤੀ ਮੁਫ਼ਾਦ ਦੀ ਥਾਂ ਸਮੂਹਕ ਸਰਬ-ਸਾਂਝਾ ਮੁਫ਼ਾਦ ਸਾਹਮਣੇ ਰਹਿੰਦਾ ਹੈ। ਇਸ ਅਵਸਥਾ ਵਿਚ ਵਿਅਕਤੀ ਆਪਣੇ ਆਪ ਨੂੰ ਉਸ ਸੰਗਠਨ ਦਾ, ਉਸ ਪੰਥਕ ਜਥੇਬੰਦੀ ਦਾ ਅੰਗ ਤਸਵੱਰ ਕਰਦਾ ਹੈ ਜਿਸ (ਸੰਗਠਨ) ਵਿਚ ਅਕਾਲ ਪੁਰਖ ਦੀ ਜੋਤ ਪ੍ਰਕਾਸ਼ਮਾਨ ਹੈ, ਜਿਸ ਵਿਚ ਅਕਾਲ ਪੁਰਖ ਦਾ ਚਕ੍ਰਵੈ-ਪਦ ਰੂਪਮਾਨ ਹੈ, ਜਿਸ ਵਿਚ ਗੁਰੂ ਤਤ੍ਹ (ਮੀਰੀ) ਵਿਦਮਾਨ ਹੈ। ਚਕ੍ਰਵੈ-ਪਦ ਦੀ ਅਜੇਹੀ ਭਾਵਨਾ ਅਗੇ ਬਾਹਰੀ ਭੈ ਦੀ ਗੁੰਜਾਇਸ਼ ਨਹੀਂ ਰਹਿੰਦੀ। ਇਹ ਗੁਰਮਤੇ ਦੀ ਦੂਸਰੀ ਮੂਲਕ ਸ਼ਰਤ ਹੈ! ਇਸ ਅਵਸਥਾ ਵਿਚ ਅਪਣਾਇਆ ਗੁਰਮਤਾ ਸਮੁਚੀ ਪੰਥਕ ਸ਼ਖਸੀਅਤ ਦਾ ਇਕ-ਰੂਪ ਹੋ ਕੇ ਸੰਸਥਾਤਮਕ ਪ੍ਰਗਟਾਵਾ ਹੈ। ਇਹ ਗੁਰਮਤੇ ਦਾ ਤੀਸਰਾ ਲਛਣ ਹੈ ਜੋ ਇਸ ਨੂੰ ਵੱਖ ਵੱਖ ਵਿਅਕਤੀਆਂ ਦੀ ਬਹੁ-ਸੰਮਤੀ ਜਾਂ ਸਰਬ-ਸੰਮਤੀ ਤੋਂ (ਜੋੜ ਫਲ ਦੇ ਅਰਥ ਵਿਚ) ਵਖਰਿਆਉਂਦਾ ਹੈ। ਸੁਲਹੀ ਖਾਨ ਦੀ ਗੁਰੂ ਅਰਜਨ ਦੇਵ ਵਿਰੁਧ ਚੜ੍ਹਾਈ ਦੇ ਪ੍ਰਸੰਗ ਵਿਚ ਦਰਬਾਰ ਵਿਚ ਸੰਗਤਾਂ ਨੇ ਵਿਚਾਰ ਵਟਾਂਦਰੇ ਸਮੇਂ ਜੋ ਰਾਏ ਪੇਸ਼ ਕੀਤੀ, ਜੋ ਮਤ ਪ੍ਰਗਟ ਕੀਤਾ, ਉਹ 'ਮਤਾ' ਤਾਂ ਸੀ ਪਰ 'ਗੁਰਮਤਾ' ਨਹੀਂ। ਗੁਰੂ ਅਰਜਨ ਸਾਹਿਬ[10] ਦੀਆਂ ਹੇਠਲੀਆਂ ਤੁਕਾਂ ਮਤੇ ਤੇ ਗੁਰਮਤੇ ਦੇ ਅਰਥ-ਭੇਦ ਨੂੰ ਦਰਸਾਉਂਦੀਆਂ ਹਨ: "ਪ੍ਰਥਮੇ ਮਤਾ ਜਿ ਪਤੀ ਚਲਾਵਉ, ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ। ਤ੍ਰਿਤੀਏ ਮਤਾ ਕਿਛੁ ਕਰਹੁ ਉਪਾਇਆ,

ਮੈਂ ਸਭ ਕੁਛ ਛੋਡਿ ਪ੍ਰਭ ਤੁਹੀ ਧਿਆਇਆ ।''

ਆਧੁਨਿਕ ਪੱਛਮੀ ਸਭਿਅਤਾ ਦੇ ਸਰਬ-ਸੰਮਤੀ ਦੇ ਸੰਕਲਪਾਂ ਦਾ ਸੰਕਲਪੀ ਚੌਖਟਾ ਹੀ ਵਖਰਾ ਹੈ । ਆਧੁਨਿਕ ਪੱਛਮੀ ਸਭਿਅਤਾ ਅਨੁਸਾਰ 'ਵਿਅਕਤੀ' ਮੁਢਲੀ ਇਕਾਈ ਹੈ ਤੇ ਸੰਗਠਨ ਦੂਜੀ, ਦੂਜੇ ਦਰਜੇ ਦੀ । ਜਿਵੇਂ ਐਟਮ ਨੂੰ ਕਿਸੇ ਵੇਲੇ ਪਦਾਰਥ ਦੀ ਪ੍ਰਾਥਮਿਕ ਇਕਾਈ ਸਮਝਿਆ ਜਾਂਦਾ ਸੀ ਤਿਵੇਂ ਹੀ ਵਿਅਕਤਿਤ੍ਵ ਨੂੰ ਪ੍ਰਾਥਮਿਕ ਸਤਿ ਤਸੱਵਰ ਕੀਤਾ ਜਾਂਦਾ ਸੀ । ਇਸ ਪੱਖ ਤੋਂ ਆਪਣਾ ਵਿਲੱਖਣ ਤੇ ਨਿਵੇਕਲਾ ਨਿਜਤ੍ਵ ਰਖਦੇ ਵਿਅਕਤੀਆਂ ਦੀਆਂ ਆਪਣੀਆਂ ਆਪਣੀਆਂ ਮੱਤਾਂ ਹਮ-ਖਿਆਲ ਹੋਣ ਦੀ ਸੂਰਤ ਵਿਚ ਸਰਬ-ਸੰਮਤੀ ਦਾ ਰੂਪ ਧਾਰਨ ਕਰਦੀਆਂ ਹਨ । ਇਸ ਪ੍ਰਕਿਰਿਆ ਵਿਚ ਸੰਗਠਨ ਦੀ ਸਮੁਚੀ ਸੰਗਠਤ ਸ਼ਖਸੀਅਤ ਦਾ ਇਕ ਮਨ ਇਕ ਚਿਤ ਹੋ ਕੇ ਕਿਰਿਆਸ਼ੀਲ ਹੋਣ ਦਾ ਸੁਆਲ ਨਹੀਂ ਉਠਦਾ ।

ਦੂਸਰੇ ਪਾਸੇ ਭਾਰਤ ਦੀ ਕਲਾਸਕੀ ਪਰੰਪਰਾ ਦਾ ਕਿਰਦਾਰ ਪੱਛਮੀ ਵਿਅਕਤੀਵਾਦ ਦੇ ਬਿਲਕੁਲ ਉਲਟ ਰਿਹਾ ਹੈ । ਇਸਨੂੰ holistic ਪਰੰਪਰਾ ਕਿਹਾ ਗਿਆ ਹੈ ਜਿਸਦਾ ਅਰਥ ਹੈ ਕਿ ਸੰਗਠਨ ਨੂੰ ਪ੍ਰਥਮ ਤਸੱਵਰ ਕੀਤਾ ਹੈ (ਜਾਤ ਨੂੰ ਸੰਗਠਨ ਦਾ ਮੂਲ ਰੂਪ ਸਮਝਿਆ ਗਿਆ ਹੈ) ਪਰ ਇਹ ਸੰਗਠਨ ਗੁਰਮਤਿ ਦੇ ਸੰਕਲਪ ਵਾਂਗ ਸਜੀਵ ਹੋਂਦ (organism) ਨਹੀਂ । ਅਜਿਹੇ ਸੰਗਠਨ ਦੇ ਅੰਤਰਗਤ ਵਿਅਕਤੀ ਦਾ ਆਪਣਾ ਕੋਈ ਵਿਅਕਤਿਤ੍ਵ ਨਹੀਂ, ਉਸ ਦਾ ਤੱਤ ਸੰਗਠਨ (ਜਾਤੀ) ਦਾ ਸਤਿ ਹੀ ਹੈ । ਵਿਅਕਤਿਤਵ੍ਵ ਸੰਗਠਨ-ਸਤਿ ਵਿਚ ਉਵੇਂ ਹੀ ਅਭੇਦ ਹੁੰਦਾ ਹੈ ਜਿਵੇਂ ਬੂੰਦ ਸਮੁੰਦ ਵਿਚ । ਅਜਿਹੇ ਸੰਗਠਨ ਵਿਚ ਵਿਅਕਤੀ ਦਾ ਆਪਾ-ਸਮਰਪਣ ਹੁੰਦਾ ਹੈ, ਸ੍ਵੈ-ਪੂਰਤੀ (Self realization) ਨਹੀਂ । ਅਜਿਹਾ ਸੰਗਠਨ ਵਿਅਕਤੀ 'ਤੇ ਭਾਰੂ ਸਿੱਧ ਹੁੰਦਾ ਹੈ । ਉਸ ਦੀ ਵਿਅਕਤੀਗਤ ਆਜ਼ਾਦੀ ਨੂੰ ਸੁਰਖਿਅਤ ਨਹੀਂ ਰਖ ਸਕਦਾ । ਪਰ ਦੂਸਰੇ ਪਾਸੇ ਗੁਰਮਤਿ ਦਾ ਸੰਗਠਨ-ਸੰਕਲਪ ਇਕ ਸਜੀਵ ਹੋਂਦ ਦਾ ਨਿਰਨਾ ਹੈ । ਇਹ ਸੰਗਠਨ ਜਿਥੇ ਇਕ ਪਾਸੇ ਅਕਾਲ ਪੁਰਖ ਦਾ ਪ੍ਰਗਟ ਰੂਪ ਹੈ, ਉਥੇ ਦੂਸਰੇ ਪਾਸੇ ਮਨੁਖੀ ਅਸਲੇ ਦਾ ਵੀ ਪ੍ਰਗਟ ਰੂਪ ਹੈ, ਕਿਉਂਕਿ ਮਨੁਖੀ ਅਸਲਾ ਪਰਮ ਅਸਲੇ ਦਾ ਹੀ ਅੰਸ਼ ਹੈ । ਏਸੇ ਲਈ ਪੰਥਕ ਜਥੇਬੰਦੀ ਦੀ ਸੰਸਥਾਤਮਕ ਸ਼ਖਸੀਅਤ ਅਤੇ ਵਿਅਕਤੀ ਸ਼ਖਸੀਅਤ ਵਿਚਕਾਰ **ਕੋਈ** ਤਨਾਓ ਨਹੀਂ ਰਹਿੰਦਾ । ਸੰਗਤ ਦਾ, ਸੰਗਠਨ ਦਾ, ਪੰਥਕ ਜਥੇਬੰਦੀ ਦਾ ਇਹ ਇਕ ਹੋਰ ਲਛਣ ਹੈ ਜੋ ਗੁਰਮਤੇ ਦੇ ਰੂਪ ਵਿਚ ਇਸ ਦਾ ਚੌਥਾ ਲਛਣ ਬਣਦਾ ਹੈ । ਗੁਰਮਤੇ ਦੀ ਤਰਕ ਸਿਧੀ (Validating Sanction) ਦਾ ਕੀ ਆਧਾਰ ਹੈ ? ਗੁਰਮਤੇ ਦੀ ਤਰਕ-ਸਿਧੀ ਇਸ ਨੁਕਤੇ ਵਿਚ ਹੈ ਕਿ ਇਹ ਖਾਲਸੇ ਵਿਚ ਵਿਦਮਾਨ ਸਮੁੱਚੀ ਅਧਿਕਾਰ ਸ਼ਕਤੀ ਦਾ ਪ੍ਰਤੀਕ ਹੈ । ਇਸ ਲਈ ਗੁਰਮਤੇ ਨੂੰ ਮੰਨਣਾ ਖਾਲਸੇ ਵਿਚ ਰਮ ਰਹੀ ਸੱਤਾ ਨੂੰ ਸਵੀਕਾਰ ਕਰਨਾ ਹੈ, ਜਥੇਬੰਦੀ ਵਿਚ ਵਿਦਮਾਨ ਗੁਰੂ ਤਤ੍ਵ ਨੂੰ ਮੰਨਣਾ ਹੈ ।

ਕਿਉਂਕਿ ਗੁਰਮਤਾ ਸੰਗਠਨ ਵਿਚ ਵਿਦਮਾਨ ਸੱਤਾ ਦਾ ਪ੍ਰਤੀਕ ਹੈ, ਇਸ ਲਈ ਇਸ ਦਾ ਵਿਸ਼ਾ ਉਹੀ ਹੋ ਸਕਦਾ ਹੈ ਜਿਸ ਦਾ ਸਬੰਧ ਪੰਥ ਦੀ ਸਮੁੱਚੀ ਹੋਣੀ ਜਾਂ ਸਿੱਖ ਮਤਿ ਦੇ ਇਤਿਹਾਸਕ ਮਿਸ਼ਨ ਦੀ ਪੂਰਤੀ ਨਾਲ ਹੋਵੇ (ਇਹ ਗੁਰਮਤੇ ਦਾ ਪੰਜਵਾਂ ਮੁੱਖ ਲਛਣ ਹੈ) । ਇਸ ਦਰਿਸ਼ਟੀ ਤੋਂ (ਮਿਸਾਲ ਦੇ ਤੌਰ 'ਤੇ) ਪੰਚ ਖਾਲਸਾ ਦੀਵਾਨ, ਪੰਚ ਖੰਡ (ਭਸੌੜ) ਦਾ ਸਿੱਖਾਂ ਵਿਚ ਚਾਹ ਪੀਣ ਦੀ ਆਦਤ ਨੂੰ ਰੋਕਣ ਦਾ 'ਗੁਰਮਤਾ' ਮਤਾ ਤਾਂ ਕਿਹਾ ਜਾ ਸਕਦਾ ਹੈ ਪਰ ਗੁਰਮਤਾ ਨਹੀਂ ।

ਅਠ੍ਹਾਰਵੀਂ ਸਦੀ ਦੇ ਸੰਘਰਸ਼ ਕਾਲ ਵਿਚ ਪੰਥਕ ਜਥੇਬੰਦੀ (ਵੱਖ ਵੱਖ ਰੂਪਾਂ ਵਿਚ) ਸਮੁੱਚੀ ਪੰਥਕ ਸ਼ਖਸੀਅਤ ਦੇ ਤੌਰ 'ਤੇ ਵਿਚਰਦੀ ਸੀ । ਇਸ ਲਈ ਵਿਸਾਖੀ ਤੇ ਦੀਵਾਲੀ ਦਿਹਾੜੇ ਸ੍ਰੀ



ਅਕਾਲ ਤਖ਼ਤ 'ਤੇ ਸਰਬਤ ਖਾਲਸੇ ਦੇ ਸਮਾਗਮਾਂ ਦੇ ਮਤੇ ਗੁਰਮਤੇ ਦਾ ਕਿਰਦਾਰ ਰਖਦੇ ਹਨ, ਜਿਨ੍ਹਾਂ ਨੇ ਸਿੱਖ ਇਤਿਹਾਸ ਵਿਚ ਅਹਿਮ ਰੋਲ ਅਦਾ ਕੀਤਾ ਹੈ; ਸਿੱਖ ਹੋਣੀ ਨੂੰ ਪ੍ਰਭਾਵਿਤ ਕੀਤਾ ਹੈ, ਸਿੱਖ ਲਹਿਰ ਨੂੰ ਦਿਸ਼ਾ ਦਿਤੀ ਹੈ । ਮਗਰੋਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਥਕ ਜਥੇਬੰਦੀ ਦੇ ਕਿਰਦਾਰ ਤੇ ਕਰਤੱਵ ਵਿਚ ਗੁਰਮਤੇ ਦੀ ਪਰੰਪਰਾ ਸਬੰਧੀ ਤਬਦੀਲੀ ਵਾਪਰਦੀ ਹੈ ਜਿਸ ਦਾ ਨਾਂਹ-ਮੁੱਖੀ ਅਸਰ ਹੋਇਆ । ਪ੍ਰਿੰਸੀਪਲ ਤੇਜਾ ਸਿੰਘ[11] ਤੇ ਕਈ ਹੋਰ ਵਿਦਵਾਨ ਇਹ ਵਿਚਾਰ ਰੱਖਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੇ ਗੁਰਮਤੇ ਦੀ ਪ੍ਰਥਾ ਸਮਾਪਤ ਕਰ ਕੇ ਰਾਜ-ਸੱਤਾ ਨੂੰ 'ਸੈਕੂਲਰ' ਮੂੰਹ-ਮੁਹਾਂਦਰਾ ਦਿਤਾ ਸੀ । ਇਹ ਗਲਤ ਧਾਰਨਾ ਹੈ, ਕਿਉਂਕਿ ਇਸ ਵਿਚ ਸਿੱਖ ਪਰੰਪਰਾ ਨੂੰ ਸੈਕੂਲਰ ਪਰੰਪਰਾ ਦੇ ਵਿਰੋਧ ਵਿਚ ਖੜਾ ਕਰ ਦਿਤਾ ਜਾਂਦਾ ਹੈ । ਰਾਜ-ਸਤਾ ਦੀ ਪ੍ਰਾਪਤੀ ਨਾਲ ਨਾ ਤਾਂ ਸਿੱਖ ਸੰਗਠਨ ਦੀ ਪੰਥਕ ਜਥੇਬੰਦੀ ਦੀ ਅਵਸ਼ਕੱਤਾ ਖਤਮ ਹੁੰਦੀ ਸੀ ਤੇ ਨਾ ਹੀ ਗੁਰਮਤੇ ਦੀ ਪ੍ਰਥਾ ਦੀ ਲੋੜ ਘਟਦੀ ਸੀ । ਸੁਆਲ ਤਾਂ ਸਗੋਂ ਇਹ ਸੀ ਕਿ ਨਵੀਂ ਸਥਿਤੀ ਵਿਚ ਪੰਥਕ ਜਥੇਬੰਦੀ ਤੇ ਗੁਰਮਤੇ ਦੇ ਰਾਜ-ਸੱਤਾ ਨਾਲ ਸਬੰਧਾਂ ਨੂੰ ਨਵਾਂ ਸੰਸਥਾਤਮਕ ਰੂਪ ਦਿਤਾ ਜਾਂਦਾ ਜਿਸ ਨਾਲ ਇਕ ਪਾਸੇ ਰਾਜ-ਸੱਤਾ ਨੂੰ ਆਪਣੇ ਕਾਰਜ-ਖੇਤਰ ਵਿਚ 'ਸੈਕੂਲਰ' ਹੋ ਕੇ ਚਲਣ ਦੀ ਖੁਲ੍ਹ ਹੁੰਦੀ ਤੇ ਦੂਜੇ ਰਾਜ-ਸੱਤਾ ਦੀ ਸੁਚੱਜੀ ਵਰਤੋਂ ਲਈ ਸੰਗਠਨ ਵਲੋਂ ਗੁਰਮਤੇ ਰਾਹੀ ਨੀਤੀ ਨਿਰਨੇ ਨਿਰਧਾਰਤ ਹੁੰਦੇ, ਉਵੇਂ ਹੀ ਜਿਵੇਂ, ਮਿਸਾਲ ਵਜੋਂ ਕਮਿਊਨਿਸਟ ਦੇਸ਼ਾਂ ਵਿਚ 'ਪਾਰਟੀ' ਬਾਹਰੋਂ ਨੀਤੀ ਨਿਰਨੇ ਨਿਸ਼ਚਿਤ ਕਰਦੀ ਹੈ ਜਿਨ੍ਹਾਂ ਨੂੰ 'ਸਰਕਾਰ' ਅਮਲੀ ਰੂਪ ਦਿੰਦੀ ਹੈ । ਕੋਈ ਇਸ ਕਿਸਮ ਦੀ ਜਾਂ ਬੇਹਤਰ ਵਿਵਸਥਾ ਹੋ ਸਕਦੀ ਸੀ ਜਿਸ ਨਾਲ ਰਾਜ-ਸੱਤਾ 'ਸੈਕੂਲਰ' ਹੋ ਕੇ ਆਂਤ੍ਰਿਕ ਖੁਲ੍ਹ ਨਾਲ ਵਿਚਰ ਸਕਦੀ ਪਰ 'ਸੰਗਠਨ' ਦੀ ਬਾਹਰੀ ਅਗਵਾਹੀ ਨੂੰ ਵੀ ਕਬੂਲਦੀ । ਪਰ ਅਜਿਹਾ ਨਾ ਹੋਇਆ । ਕਾਰਨ ਇਹ ਨਹੀਂ ਕਿ ਮਹਾਰਾਜਾ ਸੈਕੂਲਰ ਹੋ ਤੁਰਿਆ । ਕਾਰਨ ਸੀ ਫਿਊਡਲ ਪਰੰਪਰਾ ਦਾ ਮੁੜ-ਗ਼ਲਬਾ ।

ਆਧੁਨਿਕ ਯੁਗ ਵਿਚ ਪੰਥਕ ਜਥੇਬੰਦੀ ਤੇ ਗੁਰਮਤੇ ਸਬੰਧੀ ਨਵੇਂ ਪ੍ਰਸ਼ਨ ਉਤਪੰਨ ਹੁੰਦੇ ਹਨ । ਅੱਜ ਦੇ ਪਾਰਟੀ-ਸੰਗਠਨ ਦਾ ਆਧਾਰ-ਚੌਖਟਾ ਵਖਰਾ ਹੈ । ਇਸ ਵਿਚ ਸਰਬ-ਸੰਮਤੀ ਤੇ ਬਹੁ-ਸੰਮਤੀ ਦੇ ਅਸੂਲ ਪ੍ਰਧਾਨ ਹਨ । ਅਜਿਹੇ ਪਾਰਟੀ-ਸੰਗਠਨ ਦੀ ਅਜੋਕੇ ਸਮੇਂ ਆਪਣੀ ਵੱਖ ਲੋੜ ਤੇ ਤਰਕ-ਸਿੱਧੀ ਹੈ ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ । ਪਰ ਇਸ ਦਾ ਇਹ ਨਤੀਜਾ ਨਹੀਂ ਨਿਕਲਦਾ ਕਿ ਗੁਰਮਤਿ ਦੇ ਸੰਗਠਨ-ਸੰਕਲਪ (ਪੰਥਕ ਜਥੇਬੰਦੀ) ਦੀ ਜਾਂ ਗੁਰਮਤੇ ਦੀ ਪ੍ਰਥਾ ਦੀ ਲੋੜ ਜਾਂ ਗੁੰਜਾਇਸ਼ ਨਹੀਂ ਰਹੀ । ਸੁਆਲ ਤਾਂ ਸਗੋਂ ਇਹ ਹੈ ਕਿ ਕਿਸ ਤਰ੍ਹਾਂ ਸਿੱਖ ਮਤਿ ਦੇ ਸੰਸਥਾਤਮਕ ਢਾਂਚੇ ਵਿਚ ਰੂਪ-ਪਰਿਵਰਤਨ ਲਿਆਂਦਾ ਜਾਵੇ, ਜਿਸ ਨਾਲ ਪੰਥਕ ਜਥੇਬੰਦੀ ਤੇ ਗੁਰਮਤੇ ਦਾ ਇਕ ਪਾਸੇ ਤੇ ਪਾਰਟੀ-ਸੰਗਠਨ ਤੇ ਬਹੁ-ਸੰਮਤੀ/ਸਰਬ-ਸੰਮਤੀ ਦੀਆਂ ਸੰਸਥਾਵਾਂ ਦਾ ਦੂਸਰੇ ਪਾਸੇ ਆਪਣਾ ਆਪਣਾ ਕਾਰਜ-ਖੇਤਰ ਅਤੇ ਪਰਸਪਰ ਸਬੰਧ ਨਿਰਧਾਰਿਤ ਹੋ ਸਕੇ ।

---

1. ਭਾਈ ਗੁਰਦਾਸ, ਪਹਿਲੀ ਵਾਰ (42) ।
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ । ਪੰਜਾਬ ਰਾਜ ਭਾਸ਼ਾ ਵਿਭਾਗ, ਸਫਾ 796 ।
3. ਗੁਰੂ ਗ੍ਰੰਥ ਸਾਹਿਬ, ਸਫਾ 1370 ।
4. ਗੁਰੂ ਗ੍ਰੰਥ ਸਾਹਿਬ, ਸਫਾ 8 ।
5. "A Perspective on Early Sikh History", in *Sikh Studies*, ed.

Mark Juergansmayer and No. G. Barrier, Religious Studies Series Graduate Theological Union, Berkeley, California, 1979, p. 37.

6. ਬਚਿਤਰ ਨਾਟਕ
7. *A History of the Sikhs*, S. Chand & Co. NE., 1965, p. 89.
8. The Continent of Circa, Chatta and Windus, London, 167, p. 279.
9. ਗੁਰੂ ਗੋਬਿੰਦ ਸਿੰਘ, ਸਰਬਲੋਹ ਗ੍ਰੰਥ ।
10. ਗੁਰੂ ਗ੍ਰੰਥ ਸਾਹਿਬ, ਸਫ਼ਾ 371 ।
11. *Sikhism : Its Ideals and Institutions*, Khalsa Brothers, Amritsar 1979 p. 44.

---


ਜਗਜੀਤ ਸਿੰਘ

ਗ਼ਦਰ ਪਾਰਟੀ ਲਹਿਰ

''...ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ,' ਪ੍ਰਿੰਸੀਪਲ ਤੇਜਾ ਸਿੰਘ

ਵਡਾ ਸਾਈਜ਼, ਆਫ਼ਸੈੱਟ ਪ੍ਰਿੰਟਿੰਗ, ਪੱਕੀ ਸੁੰਦਰ ਜਿਲਦ, ਸਫ਼ੇ 183, ਮੁਲ : 30 ਰੁਪੈ, ਰਕਮ ਮਨੀਆਰਡਰ ਦੁਆਰਾ ਸੇਧ ਨੂੰ ਭੇਜ ਕੇ ਇਹ ਪੁਸਤਕ ਪ੍ਰਾਪਤ ਕਰੋ ।

---

ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਅਤੇ 1980 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ । ਕੀਮਤ ਫ਼ੀ ਫਾਈਲ ਪੰਝੀ ਰੁਪੈ । ਰਕਮ ਮਨੀਆਰਡਰ ਦੁਆਰਾ ਭੇਜੋ । ਡਾਕ ਖ਼ਰਚ ਸਾਡਾ ਹੋਵੇਗਾ ।


---

ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਓ । ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ । ਬੈਂਕ ਕੋਈ ਵੀ ਹੋਵੇ ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



# ਪੰਜਾਬ ਵਿਚ ਅੰਗਰੇਜ਼ੀ ਰਾਜ ਦੇ ਮੁਢਲੇ ਸਿੱਟੇ

ਪਰੇਮ ਸਿੰਘ

ਕਈ ਇਕ ਕਾਰਨਾਂ ਕਰ ਕੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਅੰਦਰ ਆਜ਼ਾਦੀ ਦੀ ਲਹਿਰ ਦੇ ਵਰਣਨਯੋਗ ਪ੍ਰਗਟਾਵੇ ਹੋਂਦ ਵਿਚ ਆਏ । ਇਹ ਇਕ ਨਵੀਂ ਤਰ੍ਹਾਂ ਦੀ ਜਮਹੂਰੀ ਜਾਗ੍ਰਿਤੀ ਸੀ ਜਿਹੜੀ ਦੇਸ਼ ਅੰਦਰ ਵਧ ਰਹੀ ਰਾਜਸੀ ਸੂਝ ਦਾ ਅੰਗ ਸੀ ਅਤੇ ਜਿਸ ਨੂੰ ਬੰਗਾਲ ਦੀ ਵੰਡ ਵਿਰੁਧ ਹੋਏ ਬੰਗਾਲੀ ਲੋਕਾਂ ਦੇ ਰੋਸ ਨੇ ਹਲਾਸ਼ੇਰੀ ਦਿਤੀ ਸੀ । ਪਰ ਇਹ ਕਹਿਣਾ ਵਧੇਰੇ ਯੋਗ ਹੋਵੇਗਾ ਕਿ ਇਸ ਜਾਗ੍ਰਿਤੀ ਦੀ ਤਹਿ ਵਿਚ, ਮੁਖ ਰੂਪ ਵਿਚ, ਪੰਜਾਬ ਦੇ ਰਾਜਸੀ-ਸਮਾਜਕ ਜੀਵਨ ਦੇ ਕੁਝ ਵਿਸ਼ੇਸ਼ ਲਛਣ ਸਨ ਜਿਹੜੇ 1849 ਵਿਚ ਅੰਗਰੇਜ਼ਾਂ ਦੇ ਕਬਜ਼ੇ ਹੇਠ ਚਲੇ ਜਾਣ ਤੋਂ ਬਾਅਦ ਪੰਜਾਬ ਵਿਚ ਉਘੇ ਰੂਪ ਵਿਚ ਸਾਹਮਣੇ ਆਏ ।

ਇਤਿਹਾਸਕ ਪਿਛੋਕੜ : ਇਸ ਗੱਲ ਬਾਰੇ ਕਿੰਤੂ ਦੀ ਗੁੰਜਾਇਸ਼ ਬਹੁਤ ਘਟ ਹੈ ਕਿ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਆਸਾਨੀ ਨਾਲ ਨਹੀਂ ਹੋ ਸਕਿਆ ਸੀ । 1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਛੇ ਸਾਲ ਬਾਅਦ ਪੰਜਾਬ ਦੀਆਂ ਫੌਜਾਂ ਸੰਗਠਿਤ ਰਾਜਸੀ ਅਗਵਾਈ ਦੀ ਅਣਹੋਂਦ ਅਤੇ ਲਾਹੌਰ ਦਰਬਾਰ ਦੀਆਂ ਸਾਜ਼ਿਸ਼ਾਂ ਕਾਰਨ ਬੁਰੀ ਤਰ੍ਹਾਂ ਪਾਟੇ ਹੋਏ ਹੋਣ ਦੇ ਬਾਵਜੂਦ ਵੀ, ਅੰਗਰੇਜ਼ਾਂ ਨਾਲ ਪਹਿਲੀ ਜੰਗ ਦੀਆਂ ਤਿੰਨ ਲੜਾਈਆਂ ਵਿਚ ਕਮਾਲ ਦੀ ਬਹਾਦਰੀ ਅਤੇ ਯੋਗਤਾ ਨਾਲ ਲੜੀਆਂ ਸਨ । ਦੂਜੀ ਜੰਗ ਵਿਚ ਲੜੀਆਂ ਗਈਆਂ ਦੋ ਲੜਾਈਆਂ ਵਿਚੋਂ ਇਕ ਵਿਚ, ਇਤਿਹਾਸਕਾਰ ਅੱਮ. ਐਮ. ਆਹਲੂਵਾਲੀਆ ਦੇ ਕਥਨ ਅਨੁਸਾਰ, ਅੰਗਰੇਜ਼ਾਂ ਦੀ ਜਿਤ "ਹਾਰ ਨਾਲੋਂ ਵੀ ਮਾੜੀ ਸੀ ।"[1] ਇਨ੍ਹਾਂ ਦੋ ਜੰਗਾਂ ਵਿਚ ਅੰਗਰੇਜ਼ਾਂ ਦਾ ਬੇਓੜਕ ਜਾਨੀ ਤੇ ਮਾਲੀ ਨੁਕਸਾਨ ਹੋਇਆ । ਨੋਟ ਕਰਨ ਵਾਲੀ ਗੱਲ ਇਹ ਹੈ ਕਿ ਲਾਹੌਰ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਵੀ ਕੁਝ ਥਾਵਾਂ ਉਤੇ ਅੰਗਰੇਜ਼ ਫ਼ੌਜਾਂ ਵਿਰੁਧ ਮੁਜ਼ਾਹਮਤ ਜਾਰੀ ਰਹੀ, ਪਰ ਇਹ ਸਫਲ ਨਾ ਹੋ ਸਕੀ, ਨਾ ਸ਼ਾਇਦ ਇਹ ਅੰਤਿਮ ਨਿਰਣੈ ਵਿਚ ਹੋ ਸਕਦੀ ਸੀ । ਗਵਰਨਰ ਜਨਰਲ ਡਲਹੌਜ਼ੀ ਨੇ 7 ਅਪਰੈਲ 1849 ਨੂੰ ਲਿਖਿਆ ਕਿ ਸਿੱਖ ਫੌਜ ਦੀ ਸੱਜਰੀ ਹਾਰ ਦੇ ਬਾਵਜੂਦ ਵਿਰੋਧੀਆਂ ਕੋਲ ਅੰਗਰੇਜ਼ਾਂ ਵਿਰੁਧ "ਸਖ਼ਤ ਸੰਘਰਸ਼ ਲੜਣ ਦੇ ਵਸੀਲੇ ਮੌਜੂਦ ਹਨ । ਅੱਜ ਦੀ ਤਕਰੀਬਨ ਸਾਰੀ ਫੌਜ, ਜਿਸ ਨਾਲ ਸਾਰੇ ਸੂਬੇ ਦੇ ਸਿੱਖ ਲੋਕ ਰਲ ਗਏ ਹਨ, ਇਕਮੁਠ ਹੋ ਕੇ ਸਾਡੇ ਵਿਰੁਧ ਉਠ ਖਲੋਤੀ ਹੈ ਅਤੇ ਮਹੀਨਿਆਂ

ਤੋਂ ਖ਼ੂੰਖ਼ਾਰ ਜੰਗ ਸਾਡੇ ਵਿਰੁਧ ਲੜ ਰਹੀ ਹੈ।"[2]

ਆਮ ਪ੍ਰਚਲਤ ਧਾਰਨਾ ਦੇ ਉਲਟ ਇਤਿਹਾਸਕ ਤੱਥ ਦਰਸਾਉਂਦੇ ਹਨ ਕਿ 1857 ਦੀ ਭਾਰਤ ਦੀ ਸੁਤੰਤਰਤਾ ਦੀ ਪਹਿਲੀ ਜੰਗ ਸਮੇਂ ਪੰਜਾਬੀਆਂ ਵਲੋਂ ਅੰਗਰੇਜ਼ਾਂ ਦਾ ਵਿਰੋਧ ਕਰਨ ਦਾ ਰਵੱਈਆ ਬਣਿਆ ਰਿਹਾ। ਮੇਰਠ ਵਿਚ ਬਗ਼ਾਵਤ ਦੀ ਖ਼ਬਰ ਸੁਣਦੇ ਸਾਰ ਹੀ ਪੰਜਾਬ ਦੀਆਂ ਦਸ ਛਾਉਣੀਆਂ ਭਾਵ ਲਾਹੌਰ, ਪੇਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਵਿਚ ਤਕਰੀਬਨ 13,000 ਪੰਜਾਬੀ ਸਿਪਾਹੀਆਂ ਤੋਂ ਹਥਿਆਰ ਮੱਕਾਰੀ ਨਾਲ ਖੋਹ ਲਏ ਗਏ ਸਨ।[3] ਇਸ ਵਿਦਰੋਹ ਸਮੇਂ ਪੰਜਾਬ ਦੇ ਹਾਲਾਤ ਦਾ ਜ਼ਿਕਰ ਕਰਦਿਆਂ ਕਾਰਲ ਮਾਰਕਸ ਨੇ **ਨਿਊਯਾਰਕ ਡੇਲੀ ਟਰਿਬਿਊਨ** ਵਿਚ ਲਿਖੇ ਆਪਣੇ ਪਰਸਿਧ ਡਿਸਪੈਚਾਂ ਵਿਚ ਇਹ ਗੱਲ ਸਾਮ੍ਹਣੇ ਲਿਆਂਦੀ ਕਿ ਲਾਹੌਰ ਵਿਚ "ਬਗ਼ਾਵਤ ਜਿਹੀ ਹਾਲਤ ਸੀ ਜੋ ਲੁਕੀ ਹੋਈ ਨਹੀਂ ਸੀ" ਅਤੇ ਕਿ ਸਥਾਨਕ ਫ਼ੌਜਾਂ ਨੂੰ ਤੋੜ ਕੇ ਹੀ "ਖੁਲ੍ਹੀ ਬਗ਼ਾਵਤ" ਤੋਂ ਬਚਿਆ ਜਾ ਸਕਿਆ ਸੀ।[4] ਮਾਰਕਸ ਨੇ ਨੋਟ ਕੀਤਾ ਸੀ ਕਿ ਫ਼ੀਰੋਜ਼ਪੁਰ ਵਿਖੇ ਇਨਫੈਨਟਰੀ ਰਜਮੈਂਟਾਂ ਵਿਚ ਬਗ਼ਾਵਤ ਹੋ ਚੁਕੀ ਸੀ, ਪਰ ਇਸ ਨੂੰ ਸਖ਼ਤੀ ਨਾਲ ਦਬਾ ਦਿਤਾ ਗਿਆ ਸੀ। ਮਾਰਕਸ ਨੇ ਇਹ ਵੀ ਲਿਖਿਆ : "ਬਨਾਰਸ ਵਿਖੇ ਇਕ ਦੇਸੀ ਰਜਮੈਂਟ ਨੂੰ ਬੇਹਥਿਆਰ ਕਰਨ ਦੀ ਕੋਸ਼ਿਸ਼ ਦੀ ਤੇਰ੍ਹਵੇਂ ਬੇਕਾਇਦਾ ਘੋੜ-ਸਵਾਰ ਦਸਤੇ ਦੇ ਸਿੱਖਾਂ ਵਲੋਂ ਮੁਜ਼ਾਹਮਤ ਕੀਤੀ ਗਈ। ਇਹ ਤੱਥ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਸਾਬਤ ਕਰਦਾ ਹੈ ਕਿ ਮੁਸਲਮਾਨਾਂ ਦੀ ਤਰ੍ਹਾਂ ਸਿੱਖ ਵੀ ਬਰਾਹਮਣਾਂ ਨਾਲ ਮਿਲ ਗਏ ਹਨ ਅਤੇ ਇਓਂ ਬਰਤਾਨਵੀ ਹਕੂਮਤ ਦੇ ਵਿਰੁਧ ਵਖ ਵਖ ਕਬੀਲਿਆਂ ਦੀ ਆਮ ਏਕਤਾ ਤੇਜ਼ੀ ਨਾਲ ਕਾਇਮ ਹੋ ਰਹੀ ਹੈ।"

ਵੀਹਵੀਂ ਸਦੀ ਦੇ ਆਰੰਭ ਵਿਚ ਉਠੇ ਕੌਮੀ ਉਭਾਰ ਦੇ ਇਤਿਹਾਸਕ ਪਿਛੋਕੜ ਦਾ ਜਾਇਜ਼ਾ ਲੈਂਦਿਆਂ ਕੂਕਾ ਲਹਿਰ ਦਾ ਜ਼ਿਕਰ ਜ਼ਰੂਰੀ ਹੋ ਜਾਂਦਾ ਹੈ। ਸਿੱਖੀ ਦੇ ਦਾਇਰੇ ਅੰਦਰ ਸਮਾਜ-ਸੁਧਾਰ ਦੇ ਉਦੇਸ਼ ਨਾਲ ਆਰੰਭ ਕੀਤੀ ਗਈ ਇਹ ਲਹਿਰ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ ਕਾਰਨ ਬਾਹਰਮੁਖੀ ਤੌਰ ਉਤੇ ਫਰੰਗੀ ਰਾਜ ਦੇ ਵਿਰੋਧ ਦੇ ਜਜ਼ਬੇ ਦਾ ਪ੍ਰਤੀਕ ਹੋ ਨਿਬੜੀ। ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਦੀਆਂ ਹਾਲਤਾਂ ਵਿਚ ਇਹ ਵਿਰੋਧ ਧਾਰਮਿਕ ਨਾਹਰਿਆਂ ਹੇਠ ਹੀ ਰਾਜਸੀ ਮੰਤਵਾਂ ਦੀ ਪਰਾਪਤੀ ਦਾ ਟੀਚਾ ਰਖ ਸਕਦਾ ਸੀ। ਇਸ ਪਖੋਂ ਨਾ ਸੌ ਸਾਖੀ ਦਾ ਪ੍ਰਮਾਣ ਅਜੀਬ ਸੀ ਤੇ ਨਾ ਹੀ ਰੂਸ ਦੇ ਜ਼ਾਰ ਤੋਂ ਫੌਜੀ ਮਦਦ ਦਾ ਯਤਨ ਕੋਈ ਅਨੋਖੀ ਗੱਲ। ਵਧੇਰੇ ਮਹੱਤਵਪੂਰਨ ਇਹ ਵਰਤਾਰਾ ਸੀ ਕਿ ਇਸ ਲਹਿਰ ਨੇ ਮਹਾਤਮਾ ਗਾਂਧੀ ਦੇ ਕੌਮੀ ਆਗੂ ਵਜੋਂ ਉਭਰਨ ਤੋਂ ਚਾਰ ਦਹਾਕੇ ਪਹਿਲਾਂ ਆਪਣੇ ਪੈਰੋਕਾਰਾਂ ਲਈ ਅੰਗਰੇਜ਼ੀ ਕਪੜੇ, ਅੰਗਰੇਜ਼ੀ ਵਿਦਿਆ, ਡਾਕ-ਪਰਬੰਧ, ਅਦਾਲਤਾਂ ਅਤੇ ਰੇਲਵੇ ਨੂੰ ਵਰਜਤ ਕਰਾਰ ਦੇ ਦਿਤਾ ਸੀ। ਇਹ ਦੇਸ਼ ਅੰਦਰ ਨਾ-ਮਿਲਵਰਤਣ ਦੀ ਪਹਿਲੀ ਲਹਿਰ ਸੀ।

ਜਦ ਕਿ ਨਾਮਧਾਰੀ ਲਹਿਰ ਪੇਂਡੂ ਗ਼ਰੀਬਾਂ ਤੇ ਕਿਰਤੀਆਂ ਦੀਆਂ ਜਗੀਰਦਾਰੀ-ਵਿਰੋਧੀ, ਬਦੇਸ਼ੀ ਰਾਜ-ਵਿਰੋਧੀ ਉਮੰਗਾਂ ਨੂੰ ਕਿਸੇ ਹੱਦ ਤਕ ਸਾਕਾਰ ਕਰਦੀ ਸੀ, ਪੰਜਾਬ ਵਿਚ ਏਸੇ ਸਮੇਂ ਵਿਚ ਉੱਠੀ ਆਰੀਆ ਸਮਾਜ ਦੀ ਲਹਿਰ, ਹਿੰਦੂ ਧਰਮ ਅੰਦਰ ਸੁਧਾਰ ਦੀ ਲਹਿਰ ਹੁੰਦਿਆਂ ਹੋਇਆਂ, ਪੰਜਾਬ ਦੀਆਂ ਰਵਾਇਤੀ ਵਪਾਰਕ ਤੇ ਸਰਕਾਰੀ ਸੇਵਾਵਾਂ ਵਿਚ ਚਲੀਆਂ ਆ ਰਹੀਆਂ ਜਾਤਾਂ ਦੇ ਬਾਹਰਮੁਖੀ ਹਿਤਾਂ ਦੀ ਪ੍ਰਤੀਨਿਧਤਾ ਕਰਦੀ ਸੀ। ਆਰੀਆ ਸਮਾਜ ਨੇ ਵੈਦਿਕ ਸਿਆਣਪ ਅਤੇ ਪਛਮੀ ਵਿਗਿਆਨ ਦੇ ਸੁਮੇਲ ਦੇ ਆਧਾਰ ਉਤੇ ਹਿੰਦੂਆਂ ਅੰਦਰ ਨਵੀਂ ਸਮਾਜਕ ਜਾਗ੍ਰਿਤੀ ਲਿਆਉਣ ਦੇ ਗੰਭੀਰ ਜਤਨ



ਕੀਤੇ। ਇਹ ਗੱਲ ਦਿਲਚਸਪੀ ਤੋਂ ਖ਼ਾਲੀ ਨਹੀਂ ਕਿ ਪੰਜਾਬ ਦੇ ਆਰੀਆ ਸਮਾਜੀ, ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਦੇ ਮੁਢਲੇ ਕੁਝ ਵਰ੍ਹਿਆਂ ਵਿਚ, ਪੰਜਾਬ ਅੰਦਰ ਇਸ ਦੀ ਸ਼ਾਖ਼, ਭਾਵ, ਇੰਡੀਅਨ ਐਸੋਸੀਏਸ਼ਨ ਵਿਚ ਪੇਸ਼ ਪੇਸ਼ ਸਨ। ਇਨ੍ਹਾਂ ਕੁਝ ਵਰ੍ਹਿਆਂ ਵਿਚ ਪੰਜਾਬੀ ਆਰੀਆ ਸਮਾਜੀਆਂ ਨੇ ਕਾਂਗਰਸ ਦੇ ਸਰਬ-ਹਿੰਦ ਸਮਾਗਮਾਂ ਵਿਚ ਵੀ ਉਘਾ ਹਿੱਸਾ ਲਿਆ।

**ਸਮਾਜੀ-ਆਰਥਕ ਤਬਦੀਲੀਆਂ ਦਾ ਖ਼ਾਸਾ :** ਰਾਜਸੀ ਜਾਗ੍ਰਿਤੀ ਦੇ ਮੁਢਲੇ ਦੌਰ ਵਿਚ ਉਨ੍ਹਾਂ ਸਮਾਜੀ-ਆਰਥਕ ਤਬਦੀਲੀਆਂ ਨੇ ਵੱਡਾ ਹਿੱਸਾ ਪਾਇਆ ਜਿਹੜੀਆਂ ਬਰਤਾਨਵੀ ਰਾਜ ਦੇ ਸਥਾਪਤ ਹੋ ਜਾਣ ਨਾਲ ਪੰਜਾਬ ਵਿਚ ਆਉਣੀਆਂ ਆਰੰਭ ਹੋਈਆਂ। ਪੰਜਾਬ ਭਾਰਤ ਦੇ ਉਨ੍ਹਾਂ ਇਲਾਕਿਆਂ ਵਿਚੋਂ ਸੀ ਜਿਹੜੇ ਸਭ ਤੋਂ ਅਖ਼ੀਰ ਵਿਚ ਬਰਤਾਨਵੀ ਹਕੂਮਤ ਅਧੀਨ ਆਏ। ਪੰਜਾਬ ਬਰਤਾਨਵੀ ਸਲਤਨਤ ਦਾ ਅੰਗ ਉਸ ਸਮੇਂ ਵਿਚ ਬਣਿਆ ਜਦੋਂ ਬਰਤਾਨੀਆਂ ਸਾਮਰਾਜ ਦੇ ਯੁਗ ਵਿਚ ਦਾਖਲ ਹੋ ਰਿਹਾ ਸੀ। ਇਸ ਸਮੇਂ ਵਿਚ ਭਾਰਤ ਨੂੰ ਤੇਜ਼ੀ ਨਾਲ ਇੰਗਲੈਂਡ ਲਈ ਕੱਚੇ ਅਤੇ ਜ਼ਰਈ ਮਾਲ ਨੂੰ ਮੁਹੱਈਆ ਕਰਨ ਵਾਲਾ ਅਤੇ ਤਿਆਰ ਜਿਣਸਾਂ ਦੀ ਖਪਤ ਕਰਨ ਵਾਲਾ ਬਸਤੀਵਾਦੀ ਆਰਥਕਤਾ ਵਾਲਾ ਦੇਸ਼ ਬਣਾਇਆ ਜਾ ਰਿਹਾ ਸੀ। ਜਦ ਕਿ ਦੇਸ਼ ਦੇ ਦੂਜੇ ਹਿੱਸਿਆਂ ਨਾਲੋਂ ਪੰਜਾਬ ਵਿਚ ਬਰਤਾਨਵੀ ਰਾਜ ਨੂੰ ਆਇਆਂ ਅਜੇ ਥੋੜੇ ਸਾਲ ਹੀ ਹੋਏ ਸਨ ਅਤੇ ਇਸ ਕਾਰਨ ਪੰਜਾਬ ਦੀ ਉਸ ਤਰ੍ਹਾਂ ਦੀ ਲੁੱਟ ਨਹੀਂ ਹੋ ਸਕੀ ਸੀ ਜਿਸ ਤਰ੍ਹਾਂ ਦੀ ਬੰਗਾਲ ਜਾਂ ਦੂਜੇ ਇਲਾਕਿਆਂ ਦੀ, ਬਸਤੀਵਾਦੀ ਲੁਟ ਦੀਆਂ ਬਦਲਦੀਆਂ ਹਾਲਤਾਂ ਨੇ ਅੰਗਰੇਜ਼ੀ ਰਾਜ ਲਈ ਇਹ ਜ਼ਰੂਰੀ ਬਣਾ ਦਿਤਾ ਸੀ ਕਿ ਕੱਚੇ ਮਾਲ, ਖ਼ਾਸ ਕਰ ਕੇ ਕਣਕ, ਕਪਾਹ ਅਤੇ ਤੇਲ ਵਾਲੇ ਬੀਜਾਂ ਨੂੰ ਵਧ ਤੋਂ ਵਧ ਮਾਤਰਾ ਵਿਚ ਪਰਾਪਤ ਕਰਨ ਲਈ ਫੌਰੀ ਕਦਮ ਚੁਕੇ ਜਾਣ। ਇਹ ਇਸੇ ਕਾਰਨ ਸੀ ਕਿ 1901—11 ਦੇ ਦਸਾਂ ਸਾਲਾਂ ਵਿਚ ਪੰਜਾਬ ਵਿਚ 1000 ਮੀਲ ਰੇਲ ਦੀ ਪਟੜੀ ਵਿਛਾਈ ਗਈ। ਬਰਤਾਨਵੀ ਅਫਸਰਸ਼ਾਹੀ ਇਸ ਗੱਲ ਉਤੇ ਜ਼ੋਰ ਦੇਂਦੀ ਰਹੀ ਕਿ ਪੰਜਾਬ ਦੀ "ਦੌਲਤ ਦਾ ਮੁਖੀ ਸੋਮਾਂ ਇਸ ਵਲੋਂ ਕਣਕ ਦੀ ਬਰਾਮਦ ਹੈ...ਕਣਕ ਤੋਂ ਬਾਅਦ ਕਪਾਹ ਮੁਖੀ ਬਰਾਮਦੀ ਵਸਤ ਹੈ। ਕਣਕ ਤੋਂ ਇਲਾਵਾ ਮਾੜੇ ਅਨਾਜ ਵੀ ਦੱਖਣੀ ਯੂਰਪ ਨੂੰ ਭਾਰੀ ਮਾਤਰਾ ਵਿਚ ਭੇਜੇ ਜਾਂਦੇ ਹਨ।"[5] ਮਾੜੀ ਫਸਲ ਦੇ ਵਰ੍ਹਿਆਂ ਨੂੰ ਛੱਡ ਕੇ ਉਨ੍ਹੀਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਪੰਜਾਬ ਤੋਂ ਹਰ ਸਾਲ ਤਕਰੀਬਨ ਚਾਰ ਲਖ ਟਨ ਕਣਕ ਅਤੇ ਇਕ ਲਖ ਟਨ ਤੇਲ ਵਾਲੇ ਬੀਜ ਬਰਾਮਦ ਕੀਤੇ ਜਾਂਦੇ ਸਨ। ਬਸਤੀਵਾਦ ਅਧੀਨ ਪੰਜਾਬੀ ਲੋਕਾਂ ਦਾ ਦੁਖਾਂਤ ਇਹ ਸੀ ਕਿ ਏਨਾ ਅਨਾਜ ਉਨ੍ਹਾਂ ਵਰ੍ਹਿਆਂ ਵਿਚ ਵੀ ਭੇਜਿਆ ਗਿਆ ਜਿਨ੍ਹਾਂ ਵਿਚ ਪੰਜਾਬ ਦੇ ਕੁਝ ਹਿੱਸਿਆਂ ਵਿਚ ਕਾਲ ਪਿਆ। 1896—97 ਅਤੇ 1899—2000 ਖ਼ਾਸ ਤੌਰ ਉਤੇ ਕਾਲ ਦੇ ਵਰ੍ਹੇ ਸਨ। 1901 ਵਿਚ ਪਲੇਗ ਨਾਲ 20,998 ਲੋਕ ਮਰੇ ਸਨ, 1902 ਵਿਚ ਇਸ ਨਾਲੋਂ ਤਕਰੀਬਨ ਦਸ ਗੁਣਾਂ ਅਤੇ 1905 ਵਿਚ 3,90,233 ਜਾਂ ਹਰ ਇਕ ਹਜ਼ਾਰ ਦੀ ਵਸੋਂ ਪਿਛੇ 15 ਮੌਤਾਂ।[6]

ਅੰਗਰੇਜ਼ਾਂ ਨੇ ਪਹਿਲੀ ਵਿਧਾਨਕਾਰੀ ਕੌਂਸਲ ਪੰਜਾਬ ਵਿਚ 1897 ਵਿਚ ਬਣਾਈ। ਇਹ ਆਪਣੇ ਅਧਿਕਾਰਾਂ ਵਿਚ ਕਿੰਨੀ ਕੁ ਸੀਮਤ ਸੀ ਇਸ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸਨੂੰ ਬਜਟ ਉਤੇ ਬਹਿਸ ਕਰਨ ਦਾ ਜਾਂ ਕਿਸੇ ਤਰ੍ਹਾਂ ਦੇ ਸਵਾਲ ਪੁਛਣ ਦਾ ਕੋਈ ਹੱਕ ਨਹੀਂ ਸੀ। ਨੌਂ ਮੈਂਬਰਾਂ ਦੀ ਕੌਂਸਲ ਵਿਚ ਇਕ ਲੈਫਟੀਨੈਂਟ ਗਵਰਨਰ, ਚਾਰ ਅੰਗਰੇਜ਼ ਉੱਚ ਅਧਿਕਾਰੀ ਅਤੇ ਚਾਰ ਨਾਮਜ਼ਦ ਵਫਾਦਾਰ ਜਗੀਰਦਾਰ। ਇਸ ਕੌਂਸਲ ਨੇ 1905 ਦੇ ਸਮੇਂ ਤਕ ਕਈ ਕਾਨੂੰਨ ਪਾਸ ਕੀਤੇ। ਇਨ੍ਹਾਂ ਸਭਨਾਂ ਕਾਨੂੰਨਾਂ ਦਾ ਟੀਚਾ ਇਕੋ ਸੀ, ਭਾਵ, ਬਸਤੀਵਾਦੀ ਲੁੱਟ-ਖੋਹ ਦੀ ਪ੍ਰਣਾਲੀ ਨੂੰ

ਮਜ਼ਬੂਤ ਕਰਨਾ, ਇਸ ਦੇ ਰਾਹ ਦੀ ਹਰ ਰੋਕ ਨੂੰ ਹਟਾਉਣਾ ਅਤੇ ਉਪਰੰਤ, ਖ਼ਾਸ ਤੌਰ ਉਤੇ ਪੇਂਡੂ ਇਲਾਕਿਆਂ ਵਿਚ ਸਾਮਰਾਜ ਦੀ ਰਾਜਸੀ ਧਿਰ, ਜਗੀਰਦਾਰਾਂ ਨੂੰ ਆਰਥਕ ਪੱਖੋਂ ਸੁਰਖਿਅਤ ਅਤੇ ਸਮਾਜਕ ਪਖੋਂ ਸਥਾਪਤ ਕਰਨਾ।

ਉਨ੍ਹੀਵੀਂ ਸਦੀ ਦੇ ਆਖ਼ਰੀ ਚੌਥੇ ਹਿੱਸੇ ਵਿਚ ਪੰਜਾਬ ਦੀ ਆਰਥਕਤਾ ਵਿਚ ਆਈਆਂ ਉਘੀਆਂ ਤਬਦੀਲੀਆਂ ਵਿਚੋਂ ਇਕ ਸਿੰਚਾਈ ਲਈ ਨਹਿਰਾਂ ਦਾ ਕਢੇ ਜਾਣਾ ਸੀ। ਬੇਸ਼ਕ ਬਸਤੀਵਾਦੀ ਹਾਕਮਾਂ ਦਾ ਮੰਤਵ ਮੁਖ ਤੌਰ ਉਤੇ ਬਰਾਮਦ ਕੀਤੀਆਂ ਜਾਂਦੀਆਂ ਜ਼ਰਈ ਜਿਣਸਾਂ ਦੀ ਵਧੇਰੇ ਉਪਜ ਸੀ। ਫੇਰ ਵੀ ਨਹਿਰਾਂ ਦਾ ਕੱਢੇ ਜਾਣਾ ਪੇਂਡੂ ਗੁਰਬਤ ਲਈ ਰਾਹਤ ਦਾ ਕਾਰਨ ਸੀ। ਨਹਿਰੀ ਸਿੰਚਾਈ ਵਿਚ ਹੋਏ ਵਾਧੇ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜਿਥੇ 1893—94 ਵਿਚ ਪੰਜਾਬ ਵਿਚ ਅਜਿਹਾ ਰਕਬਾ 25,23 378 ਏਕੜ ਸੀ, ਉਥੇ 1901-2 ਵਿਚ ਇਹ 53,79,592 ਏਕੜ ਹੋ ਗਿਆ। ਨਹਿਰੀ ਸਿੰਚਾਈ ਦੇ ਰਕਬੇ ਵਿਚ ਇਨ੍ਹਾਂ ਸਾਲਾਂ ਵਿਚ ਲਗਾਤਾਰ ਵਾਧਾ ਹੁੰਦਾ ਚਲਾ ਗਿਆ।

ਵਿਦਿਆ ਦੇ ਖੇਤਰ ਵਿਚ ਬਸਤੀਵਾਦੀ ਨੀਤੀ ਦਾ ਟੀਚਾ ਰਾਜ-ਪਰਬੰਧ ਦੇ ਕੁਝ ਖੇਤਰਾਂ ਲਈ ਦੇਸੀ ਮਾਤਹਿਤ ਅਮਲੇ ਨੂੰ ਕਾਇਮ ਕਰਨਾ ਸੀ। ਫੇਰ ਵੀ ਇਸ ਨੀਤੀ ਕਾਰਨ ਕਿਸੇ ਹੱਦ ਤਕ ਵਿਦਿਆ ਦਾ ਪਸਾਰ ਹੋਇਆ ਅਤੇ ਕੇਵਲ ਕਲਰਕ ਬਣਨ ਦੀ ਯੋਗਤਾ ਰਖਣ ਵਾਲੇ ਗਰੈਜੂਏਟਾਂ ਤੋਂ ਇਲਾਵਾ ਕਿੱਤਾਵਾਰੀ ਅਮਲੇ ਦੀ ਹੋਂਦ ਦਾ ਮੁੱਢ ਬੱਝਾ। ਵਿਦਿਆ ਦੇ ਇਸ ਧੀਮੇ ਪਸਾਰ ਵਿਚ ਪਰਾਈਵੇਟ (ਨਿੱਜੀ ਜਾਂ ਸਮਾਜਕ) ਪਹਿਲ-ਕਦਮੀ ਨੇ ਕਾਫੀ ਹਿੱਸਾ ਪਾਇਆ। ਇਹ ਪਸਾਰ ਕਿਸੇ ਹੱਦ ਤਕ ਆਮ ਜਾਗ੍ਰਿਤੀ ਦੇ ਅਮਲ ਵਿਚ ਇਕ ਵੱਡਾ ਅੰਸ਼ ਸੀ। ਇਸ ਨਾਲ ਦਰਮਿਆਨੇ ਤਬਕਿਆਂ ਵਿਚ ਇਕ ਪੜ੍ਹਿਆ ਲਿਖਿਆ ਅਤੇ ਆਪਣੀ ਗੱਲ ਕਹਿ ਸਕਣ ਵਾਲਾ ਹਿੱਸਾ ਵੀ ਉਭਰਿਆ ਜਿਹੜਾ ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬ ਵਿਚ ਨਵੀਆਂ ਸ਼ਕਲਾਂ ਅਖ਼ਤਿਆਰ ਕਰ ਰਹੀ ਸਮਾਜਕ ਅਤੇ ਰਾਜਸੀ ਸਰਗਰਮੀ ਵਿਚ ਖਿਚਿਆ ਗਿਆ। 1895-96 ਤੋਂ 1905-06 ਦੇ ਵਿਚਕਾਰਲੇ ਦਹਾਕੇ ਵਿਚ ਪੰਜਾਬ ਵਿਚ ਹੋਏ ਵਿਦਿਆ ਦੇ ਪਸਾਰ ਦਾ ਅਨੁਮਾਨ ਇਨ੍ਹਾਂ ਕੁਝ ਅੰਕੜਿਆਂ ਤੋਂ ਲਾਇਆ ਜਾ ਸਕਦਾ ਹੈ। ਸਭ ਤਰ੍ਹਾਂ ਦੇ ਗਰੈਜੂਏਟਾਂ ਦੀ ਗਿਣਤੀ 96 ਤੋਂ ਵਧ ਕੇ 194 ਹੋਈ, ਆਰਟਸ ਗਰੈਜੂਏਟ 74 ਤੋਂ 147, ਸਾਇੰਸ ਗਰੈਜੂਏਟ 0 ਤੋਂ 3, ਟੀਚਿੰਗ ਗਰੈਜੂਏਟ 0 ਤੋਂ 13, ਕਾਨੂੰਨ ਗਰੈਜੂਏਟ 0 ਤੋਂ 9, ਹਾਈ ਸਕੂਲ 71 ਤੋਂ 91, ਪਰਾਇਮਰੀ ਸਕੂਲ 2468 ਤੋਂ 2930 ਆਦਿ।

ਉਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਦੀਆਂ ਵਿਸ਼ੇਸ਼ ਹਾਲਤਾਂ ਵਿਚ ਬਰਤਾਨਵੀ ਵਸਤਾਂ ਅਤੇ ਮਸ਼ੀਨਰੀ ਦੇ ਪੰਜਾਬ ਵਿਚ ਆਉਣ ਨਾਲ ਮੁਢਲੇ ਸਨਅਤੀ ਵਿਕਾਸ ਦਾ ਬਹੁਤ ਧੀਮਾ ਅਮਲ ਆਰੰਭ ਹੋਇਆ। ਬਹੁਤ ਹੱਦ ਤਕ ਇਹ ਮਸ਼ੀਨਰੀ ਵੀ ਪੁਰਾਣੀ ਹੀ ਸੀ। ਇਸ ਦੇ ਨਾਲ ਨਾਲ ਸਥਾਨਕ ਕਿੱਤਿਆਂ ਅਤੇ ਪੂਰਵ-ਸਨਅਤੀ ਧੰਦਿਆਂ ਦੀ ਬਰਬਾਦੀ ਵੀ ਬਹੁਤ ਤੇਜ਼ੀ ਨਾਲ ਹੋਈ। ਪੂਰਵ-ਸਰਮਾਏਦਾਰੀ ਰਿਸ਼ਤਿਆਂ ਦਾ ਟੁਟਣਾ ਅਤੇ ਬੁਰਜੂਆ ਰਿਸ਼ਤਿਆਂ ਦਾ ਵਿਕਾਸ ਪੰਜਾਬ ਵਿਚ ਉਨ੍ਹਾਂ ਹਾਲਤਾਂ ਵਿਚ ਹੋਇਆ ਜਦੋਂ ਬਰਤਾਨੀਆ ਸਾਮਰਾਜ ਦੇ ਯੁਗ ਵਿਚ ਦਾਖ਼ਲ ਹੋ ਰਿਹਾ ਸੀ। ਇਓਂ ਜਿਸ ਅਮਲ ਨੂੰ ਅੰਗਰੇਜ਼ ਰਾਜ-ਪਰਬੰਧਕ 1891-1900 ਦੇ ਦਹਾਕੇ ਵਿਚ "ਸਨਅਤੀ ਧੰਦੇ ਵਿਚ ਸ਼ਾਨਦਾਰ ਪਸਾਰ"[7] ਦਾ ਨਾਂ ਦੇਂਦੇ ਸਨ, ਉਹ ਵਾਸਤਵ ਵਿਚ ਭਾਫ ਨਾਲ ਚਲਣ ਵਾਲੀਆਂ ਫ਼ੈਕਟਰੀਆਂ ਹੀ ਸਨ ਜਿਹੜੀਆਂ ਕਪਾਹ ਨੂੰ ਕੇਵਲ ਵਲ੍ਹੇਟਦੀਆਂ ਅਤੇ ਇਨ੍ਹਾਂ ਦੀਆਂ ਗੰਢਾਂ ਬਣਾ ਕੇ ਇੰਗਲੈਂਡ ਨੂੰ ਬਰਾਮਦ ਕਰਦੀਆਂ ਸਨ। 1881 ਤੋਂ 1891 ਤਕ ਅਜਿਹੀਆਂ ਫੈਕਟਰੀਆ ਦੀ ਗਿਣਤੀ 6 ਤੋਂ 12 ਤਕ ਵਧੀ, ਪਰ 1891 ਤੋਂ 1901 ਤਕ ਇਨ੍ਹਾਂ ਵਿਚ ਇਕਦਮ ਵਾਧਾ ਹੋਇਆ



ਅਤੇ ਇਨ੍ਹਾਂ ਦੀ ਗਿਣਤੀ 12 ਤੋਂ 114 ਹੋ ਗਈ। ਵੇਲੀ ਹੋਈ ਕਪਾਹ ਵਧੇਰੇ ਬਰਾਮਦ ਕੀਤੀ ਜਾਂਦੀ ਜਾਂ ਭਾਰਤ ਦੇ ਦੂਜੇ ਸੂਬਿਆਂ ਨੂੰ ਭੇਜੀ ਜਾਂਦੀ ਸੀ। ਇਸ ਸਮੇਂ ਵਿਚ ਜਦ ਕਿ ਸ਼ਹਿਰਾਂ ਵਿਚ ਕੁਝ ਫੈਕਟਰੀਆਂ ਹੋਂਦ ਵਿਚ ਆਈਆਂ ਪਿੰਡਾਂ ਵਿਚ ਖੇਤੀ ਦੇ ਸੰਦ ਲੁਹਾਰ ਹੀ ਬਣਾਉਂਦਾ ਸੀ ਜਿਸ ਦੇ "ਕੰਮ ਦੀ ਕੁਆਲਿਟੀ 100 ਸਾਲ ਤੋਂ ਉਸੇ ਤਰ੍ਹਾਂ ਦੀ ਚਲੀ ਆ ਰਹੀ ਸੀ।"[8] ਸਭ ਤੋਂ ਵਧ ਤਿਆਰ ਕੀਤੇ ਜਾਣ ਵਾਲੀਆਂ ਵਸਤਾਂ ਵਿਚ ਲੋਹੇ ਅਤੇ ਫੌਲਾਦ ਦੀਆਂ ਪੇਟੀਆਂ ਤੇ ਟਰੰਕ ਸਨ ਜਿਨ੍ਹਾਂ ਲਈ ਧਾਤ ਦਰਾਮਦ ਕੀਤੀ ਜਾਂਦੀ ਸੀ। ਉਸ ਸਮੇਂ ਪੰਜਾਬ ਦੇ ਫੈਲ ਰਹੇ ਮਧਕਾਲੀ ਸ਼ਹਿਰਾਂ ਵਿਚ ਵਧੇਰੇ ਬਣਨ ਵਾਲੀਆਂ ਵਸਤਾਂ ਵਿਚ ਜੰਦਰੇ, ਚਾਕੂ ਛੁਰੀਆਂ, ਕਮਾਦ ਪੀੜਣ ਲਈ ਵੇਲਣੇ, ਖਰਾਸ ਦੀਆਂ ਮਸ਼ੀਨਾਂ, ਲੇਥਾਂ ਆਦਿਕ ਸ਼ਾਮਲ ਸਨ। ਪੰਜਾਬ ਦੀ ਉਨੀ ਕਪੜੇ ਦੀ ਇਕੋ ਇਕ ਮਿੱਲ ਧਾਰੀਵਾਲ ਵਿਚ ਸੀ ਜਿਸ ਦਾ ਮਾਲਕ ਅੰਗਰੇਜ਼ ਸੀ ਅਤੇ ਜਿਥੇ ਉਸ ਸਮੇਂ 908 ਮਜ਼ਦੂਰ ਕੰਮ ਕਰਦੇ ਸਨ। ਲਾਹੌਰ, ਸਿਆਲਕੋਟ ਅਤੇ ਕਰਾਚੀ ਵਿਚ ਲੋਹੇ ਦੀਆਂ ਫਾਊਂਡਰੀਆਂ ਸਨ। ਪੰਜਾਬ ਵਿਚ ਉਸ ਸਮੇਂ ਵੀ ਸ਼ਰਾਬ ਦੇ 8 ਕਾਰਖ਼ਾਨੇ ਸਨ।

ਪੂਰਵ ਸਨਅਤੀ ਦੌਰ ਵਿਚਲੇ ਪੰਜਾਬ ਦੇ ਜਿਹੜੇ ਕਿੱਤੇ ਤੇ ਧੰਦੇ ਅੰਗਰੇਜ਼ੀ ਰਾਜ ਦੇ ਆਉਣ ਨਾਲ ਖ਼ਤਮ ਹੋਏ, ਉਨ੍ਹਾਂ ਵਿਚ ਸ਼ਾਮਲ ਸਨ, ਕਾਗ਼ਜ਼ ਬਣਾਉਣ ਵਾਲੀਆਂ ਦੁਕਾਨਾਂ ਜਿਨ੍ਹਾਂ ਵਿਚ ਦੋ ਹਜ਼ਾਰ ਤੋਂ ਵਧ ਮਜ਼ਦੂਰ ਸਨ। ਇਹ ਕੰਮ ਹੁਣ 'ਆਖ਼ਰੀ ਸਾਹਾਂ ਤੇ ਹੈ" ਅਤੇ "ਕੁਝ ਸਾਲਾਂ ਵਿਚ ਲਾਜ਼ਮੀ ਖ਼ਤਮ ਹੋ ਜਾਏਗਾ"[9]। ਇਹ ਸਿੱਟਾ ਚੰਗਾ ਕਾਗ਼ਜ਼ ਦਰਾਮਦ ਕਰਨ ਦਾ ਸੀ। ਪਾਟਰੀ, ਸ਼ੀਸ਼ੇ ਦੇ ਸਾਮਾਨ ਦੀ ਸਨਅਤ, ਚਮੜੇ ਦੀ ਦਸਤਕਾਰੀ, ਤਾਰਾਂ ਬਣਾਉਣ ਦੀ ਸਨਅਤ ਆਦਿ ਸਭਨਾਂ ਦਾ ਇਹੋ ਹਾਲ ਹੋਇਆ। ਇਸ ਅਮਲ ਦੇ ਨਤੀਜੇ ਵਜੋਂ ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬ ਵਿਚ ਤਕੜੀ ਬੇਰੁਜ਼ਗਾਰੀ ਫੈਲੀ। ਇਕਪਾਸੜ ਅਤੇ ਬਹੁਤ ਸੁਸਤ ਸਨਅਤੀ ਵਿਕਾਸ ਕਾਰਨ ਸਨਅਤੀ ਮਜ਼ਦੂਰ ਜਮਾਤ ਛੇਤੀ ਹੋਂਦ ਵਿਚ ਨਾ ਆ ਸਕੀ। ਨਾਲ ਹੀ ਦਰਮਿਆਨੇ ਤਬਕਿਆਂ ਦੇ ਕਰਮਚਾਰੀਆਂ ਦੀ ਗਿਣਤੀ ਵਿਚ ਤਿੱਖਾ ਵਾਧਾ ਹੋਇਆ ਕਿਉਂਕਿ ਇਨ੍ਹਾਂ ਤਬਕਿਆਂ ਦੀ ਬਣਤਰ ਬਸਤੀਵਾਦੀ ਹਕੂਮਤ ਦੀਆਂ ਵਿਸ਼ੇਸ਼ ਲੋੜਾਂ ਵਿਚੋਂ ਸੀ। ਰੇਲਵੇ ਹੀ ਇਕ ਅਜਿਹੀ ਸਨਅਤ ਕਹੀ ਜਾ ਸਕਦੀ ਸੀ ਜਿਸ ਵਿਚ ਮਜ਼ਦੂਰਾਂ ਦੀ ਸਭ ਤੋਂ ਵਡੀ ਗਿਣਤੀ ਕੰਮ ਕਰਦੀ ਸੀ। 1901 ਦੀ ਮਰਦਮ-ਸ਼ੁਮਾਰੀ ਵਿਚ ਮਜ਼ਦੂਰਾਂ ਦੀ ਗਿਣਤੀ ਯੋਗ ਤਰੀਕੇ ਨਾਲ ਨਹੀਂ ਹੋ ਸਕੀ ਸੀ। 1911 ਦੀ ਗਿਣਤੀ ਵਿਚ ਵਖ ਵਖ ਸਨਅਤਾਂ ਉਤੇ ਨਿਰਭਰ ਜੀਆਂ ਦੇ ਅੰਕੜੇ ਹੀ ਮਿਲਦੇ ਹਨ। ਇਸ ਅਨੁਸਾਰ ਪੰਜਾਬ ਦੇ ਹਰ 10,000 ਜੀਆਂ ਪਿਛੇ 450 ਕਪੜੇ ਦੀ, 99 ਧਾਤਾਂ ਦੀ, 146 ਚੀਨੀ ਦੇ ਬਰਤਨਾਂ ਦੀ ਸਨਅਤ ਉਤੇ ਨਿਰਭਰ ਕਰਦੇ ਸਨ। ਇਸੇ ਗਿਣਤੀ ਵਿਚ 62 ਰੇਲਵੇ ਉਤੇ, 80 ਬੈਂਕਾਂ ਉਤੇ, 57 ਫੌਜ ਉਤੇ ਅਤੇ 53 ਪੁਲੀਸ ਉਤੇ ਨਿਰਭਰ ਕਰਦੇ ਸਨ। ਵਸੋਂ ਦਾ ਬਹੁਤ ਵੱਡਾ ਹਿੱਸਾ ਖੇਤੀਬਾੜੀ ਉਤੇ ਨਿਰਭਰ ਕਰਦਾ ਸੀ। 1911 ਦੇ ਅੰਕੜਿਆਂ ਅਨੁਸਾਰ ਹੀ ਪੰਜਾਬ ਵਿਚ 10,756 ਭਾਰਤੀ ਰੇਲਵੇ ਕਰਮਚਾਰੀ ਸਨ ਜਿਨ੍ਹਾਂ ਵਿਚੋਂ 3,746 ਕੁਲੀ ਸਨ। ਪੰਜਾਬ ਦੇ ਮਹਿਕਮਾ ਨਹਿਰ ਵਿਚ 16,598 ਕਰਮਚਾਰੀ ਸਨ ਜਿਨ੍ਹਾਂ ਵਿਚ ਤਿੰਨ-ਚੌਥਾਈ ਹਿੱਸਾ ਚਪੜਾਸੀ ਤੇ ਕੁਲੀ ਸਨ।

ਉਨ੍ਹੀਵੀਂ ਸਦੀ ਦੇ ਅਖ਼ੀਰਲੇ ਵਰ੍ਹਿਆਂ ਵਿਚ ਪੰਜਾਬ ਦੀ ਆਰਥਕ ਨੁਹਾਰ ਵਿਚ ਆਈਆਂ ਤਬਦੀਲੀਆਂ ਵਿਚੋਂ ਇਕ ਉਘੀ ਤਬਦੀਲੀ 'ਨਹਿਰੀ ਆਬਾਦੀਆਂ' ਭਾਵ 'ਬਾਰਾਂ' ਦਾ ਆਬਾਦ ਕੀਤੇ ਜਾਣਾ ਸੀ। ਇਹ ਇਲਾਕੇ ਪਹਿਲਾਂ ਟਾਵੀਂ ਵਸੋਂ ਵਾਲੇ ਜੰਗਲ ਸਨ। ਇਨ੍ਹਾਂ ਜ਼ਮੀਨਾਂ ਵਿਚ 25-25 ਏਕੜ ਦੇ ਮੁਰੱਬੇ ਕਟ ਕੇ ਵੱਖ ਵੱਖ ਪਰਵਾਰਾਂ ਨੂੰ ਵਾਹੀ ਲਈ ਦਿਤੇ ਗਏ ਅਤੇ ਅਲਾਟੀਆਂ ਦੀ

ਰਿਹਾਇਸ਼ੀ ਵਸੋਂ ਨੂੰ ਚੱਕ ਦਾ ਨਾਂ ਦਿਤਾ ਗਿਆ। 'ਬਾਰਾਂ' ਨੂੰ ਆਬਾਦ ਕਰਨ ਵਿਚ ਬਰਤਾਨਵੀ ਹਾਕਮਾਂ ਦਾ ਮਕਸਦ ਨਿਸਚੇ ਹੀ ਬਰਾਮਦ ਲਈ ਜ਼ਰਈ ਜਿਣਸਾਂ ਦੀ ਵਧੇਰੇ ਪੈਦਾਵਾਰ ਸੀ। ਇਕ ਦੂਜਾ ਮਕਸਦ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿਚ ਜ਼ਮੀਨ ਉਤੇ ਕਥਿਤ ਬੋਝ ਨੂੰ ਘਟ ਕਰਨਾ ਸੀ। ਇਨ੍ਹਾਂ ਕੇਂਦਰੀ ਜ਼ਿਲ੍ਹਿਆਂ ਵਿਚ ਕਿਸਾਨ ਪਰਵਾਰਾਂ ਅੰਦਰ ਪੁਸ਼ਤ-ਦਰ-ਪੁਸ਼ਤ ਹੋਈ ਵੰਡ ਕਾਰਨ ਜ਼ਮੀਨ ਦੀਆਂ ਮਾਲਕੀਆਂ ਬਿਲਕੁਲ ਨਿਗੂਣੀਆਂ ਰਹਿ ਗਈਆਂ ਸਨ। ਉਪਰੰਤ ਸ਼ਾਹੂਕਾਰਾਂ ਦੇ ਕਰਜ਼ਿਆਂ ਨੇ ਇਨ੍ਹਾਂ ਜ਼ਮੀਨਾਂ ਦਾ ਵੱਡਾ ਹਿੱਸਾ ਗਹਿਣੇ ਰਖਿਆ ਹੋਇਆ ਸੀ। ਪੰਜਾਬੀ ਕਿਸਾਨ ਦੀ ਗ਼ੁਰਬਤ ਅਤੇ ਇਸ ਤੋਂ ਪੈਦਾ ਹੁੰਦੀ ਬੇਚੈਨੀ ਨੂੰ ਬਰਤਾਨਵੀ ਅਫਸਰਸ਼ਾਹੀ ਫੌਜਾਂ ਦੀ 'ਵਫਾਦਾਰੀ' ਲਈ ਵੱਡਾ ਖਤਰਾ ਮੰਨਦੀ ਸੀ। ਇਓਂ 'ਬਾਰਾਂ' ਆਬਾਦ ਕਰਨ ਦੇ ਪਿਛੇ ਇਹ ਮੰਤਵ ਵੀ ਕੰਮ ਕਰ ਰਿਹਾ ਸੀ। ਇਸੇ ਕਾਰਨ ਹੀ ਇਨ੍ਹਾਂ ਜਮੀਨਾਂ ਦਾ ਕਾਫੀ ਤਕੜਾ ਹਿੱਸਾ ਫੌਜੀ ਪੈਨਸ਼ਨੀਆਂ ਨੂੰ ਉਨ੍ਹਾਂ ਵਲੋਂ ਬਰਤਾਨਵੀ ਸਰਕਾਰ ਦੀਆਂ ਕੀਤੀਆਂ ਸੇਵਾਵਾਂ ਵਜੋਂ ਦਿਤਾ ਗਿਆ ਸੀ। ਇਹ ਇਕ ਵੱਖਰੀ ਗੱਲ ਹੈ ਕਿ ਲੈਂਡ ਕਾਲੋਨਾਈਜ਼ੇਸ਼ਨ ਬਿੱਲ ਵਿਰੁਧ 1907 ਦੇ ਪਹਿਲੇ ਮਹੀਨਿਆਂ ਵਿਚ ਚੱਲੀ ਕਿਸਾਨ ਐਜੀਟੇਸ਼ਨ ਵਿਚ ਇਨ੍ਹਾਂ ਪੈਨਸ਼ਨੀਆਂ ਨੇ ਆਪਣਾ ਹਿੱਸਾ ਪਾਇਆ ਸੀ ਅਤੇ ਹੋਰਨਾਂ ਸਰਗਰਮੀਆਂ ਤੋਂ ਉਪਰੰਤ ਫੌਜਾਂ ਦੇ ਕਮਾਂਡਰ-ਇਨ-ਚੀਫ ਕਿਚਨਰ ਨੂੰ ਅਰਜ਼ੀਆਂ ਭੇਜੀਆਂ ਸਨ। ਇਹ ਐਜੀਟੇਸ਼ਨ ਚਨਾਬ ਕਾਲੋਨੀ ਵਿਚ ਚੱਲੀ ਸੀ ਜਿਸ ਨੂੰ 1887 ਵਿਚ ਆਬਾਦ ਕਰਨਾ ਅਰੰਭਿਆ ਗਿਆ ਸੀ। ਪੰਜਾਬ ਸਰਕਾਰ ਨੇ ਇਸ ਉਤੇ ਤਕਰੀਬਨ 3 ਕਰੋੜ ਰੁਪਿਆ ਖਰਚ ਕੀਤਾ ਸੀ। 1907 ਤਕ ਇਸ ਇਲਾਕੇ ਵਿਚੋਂ ਇਹ ਅਸਲ ਰਕਮ ਵਸੂਲ ਕਰ ਲੈਣ ਤੋਂ ਬਾਅਦ ਸਰਕਾਰ ਨੂੰ 7 ਲਖ ਰੁਪੈ ਸਾਲਾਨਾ ਦਾ ਮੁਨਾਫਾ ਮਾਲੀਏ ਅਤੇ ਆਬਿਆਨੇ ਦੇ ਰੂਪ ਵਿਚ ਮਿਲ ਰਿਹਾ ਸੀ।

**ਬਰਤਾਨਵੀ ਨੀਤੀ ਦੇ ਵਿਸ਼ੇਸ਼ ਲੱਛਣ** : ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਸ ਦੇ ਫੌਜੀ ਭਰਤੀ ਦਾ ਮੁਖ ਅੱਡਾ ਹੋਣ ਕਾਰਨ ਅੰਗਰੇਜ਼ ਹਾਕਮਾਂ ਦੀ ਇਸ ਸੂਬੇ ਵਲ ਨੀਤੀ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਜ਼ਰਾ ਵਖਰੀ ਸੀ। ਪੰਜਾਬ ਵਿਚ ਤੇਜ਼ੀ ਨਾਲ ਰੇਲਾਂ ਦੇ ਜਾਲ ਦਾ ਵਿਛਾਇਆ ਜਾਣਾ ਅਤੇ ਪੰਜਾਬ ਅਤੇ ਸੂਬਾ ਸਰਹੱਦ ਵਿਚ ਅਨੇਕਾਂ ਛਾਉਣੀਆਂ ਦਾ ਕਾਇਮ ਕੀਤੇ ਜਾਣਾ ਪੰਜਾਬ ਦੀ ਫੌਜੀ ਰਣ ਨੀਤਕ ਅਵਸਥਾ ਦੇ ਅਨੁਕੂਲ ਸੀ। ਇਓਂ ਬਰਤਾਨਵੀ ਹਾਕਮ ਕਬਾਇਲੀ ਇਲਾਕੇ ਸਮੇਤ ਅਫਗਾਨਿਸਤਾਨ ਉਤੇ ਦਬਾਅ ਰਖ ਸਕਦੇ ਸਨ ਅਤੇ ਰੂਸ ਨੂੰ ਇਹ ਦਸ ਸਕਦੇ ਸਨ ਕਿ ਅਫਗਾਨਿਸਤਾਨ ਵਿਚ ਉਨ੍ਹਾਂ ਦੀਆ ਚੰਮ ਦੀਆਂ ਚਲਦੀਆਂ ਹਨ। ਇਸ ਨੀਤੀ ਉਤੇ ਪਰਦਾ ਪਾਉਣ ਲਈ ਉਤਰ-ਪਛਮੀ ਇਲਾਕੇ ਵਲੋਂ ਰੂਸੀ ਹਮਲੇ ਦਾ ਹਊਆ ਸਦਾ ਖੜਾ ਰਖਿਆ ਗਿਆ। ਸਰਕਾਰ-ਪ੍ਰਸਤ ਅਖ਼ਬਾਰ ਮੌਕਾ, ਬੇਮੌਕਾ ਰੂਸੀ ਹਮਲੇ ਦੀਆਂ ਖ਼ਬਰਾਂ ਅਤੇ ਇਨ੍ਹਾਂ ਬਾਰੇ ਆਪਣੀਆਂ ਅਟਕਲਾਂ ਲਾਉਂਦੇ ਰਹਿੰਦੇ। ਬਰਤਾਨਵੀ ਅਫਸਰਸ਼ਾਹੀ ਅਤੇ ਉਨ੍ਹਾਂ ਦੇ ਜ਼ਰਖ਼ਰੀਦ ਵਿਦਵਾਨਾਂ ਨੇ ਆਪਣੇ ਪਰਚਾਰ ਅਤੇ ਲਿਖਤਾਂ ਵਿਚ "ਜੰਗੀ ਨਸਲਾਂ" ਦੇ ਸਿਧਾਂਤ ਨੂੰ ਪਰਚਾਰਿਆ। ਇਸ ਅਨੁਸਾਰ ਪੰਜਾਬੀ ਕਿਸਾਨੀ ਦੀਆਂ ਕੁਝ ਜਾਤਾਂ ਨੂੰ ਅਸਾਧਾਰਨ ਤੌਰ ਉਤੇ ਲੜਾਕੂ ਕਰਾਰ ਦੇ ਕੇ ਉਨ੍ਹਾਂ ਦੀ ਪਿਠ ਠੋਕੀ ਜਾਂਦੀ ਅਤੇ ਉਨ੍ਹਾਂ ਅੰਦਰਲੇ ਜਗੀਰਦਾਰ ਅਫਸਰਾਂ ਨੂੰ ਭਰਤੀ ਮੁਹਿੰਮਾਂ ਆਦਿ ਲਈ ਵਰਤਿਆ ਜਾਂਦਾ। "ਦੇਸੀ ਫੌਜ ਨੂੰ ਸਪਲਾਈ ਕੀਤੇ ਜਾਂਦੇ ਰੰਗਰੂਟਾਂ ਦੀ ਗਿਣਤੀ ਦੇ ਪਖੋਂ ਪੰਜਾਬ ਭਾਰਤ ਦੇ ਸਭ ਸੂਬਿਆਂ ਤੋਂ ਮੂਹਰੇ ਸੀ ਅਤੇ ਭਰਤੀ ਕੀਤੀਆਂ ਜਾਂਦੀਆਂ ਨਸਲਾਂ ਦੀਆਂ ਲੜਾਕੂ ਸਿਫਤਾਂ ਦੇ ਪਖੋਂ (ਵੀ) ਕਿਸੇ ਨਾਲੋਂ ਪਿਛੇ ਨਹੀਂ ਸੀ।"

ਬਰਤਾਨਵੀ ਸਰਕਾਰ ਪੰਜਾਬੀ ਫੌਜ ਉਤੇ ਕਿਸ ਹੱਦ ਤਕ ਨਿਰਭਰ ਕਰਦੀ ਸੀ ਇਸ ਦਾ



ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਜਦੋਂ ਬਰਤਾਨੀਆ ਪਹਿਲੀ ਸੰਸਾਰ ਜੰਗ 1914 ਵਿਚ ਲੜਣ ਲੱਗਾ ਤਦ ਬਰਤਾਨਵੀ ਫੌਜ ਵਿਚ "155 ਭਾਰਤੀ ਘੋੜ ਸਵਾਰ ਸਕੁਐਡਰਨ ਸਨ ਜਿਨ੍ਹਾਂ ਵਿਚੋਂ 95½ ਨਿਰੋਲ ਪੰਜਾਬੀ ਸਕੁਐੜਰਨ ਸਨ ਜਦ ਕਿ 41½ ਅੰਸ਼ਕ ਤੌਰ ਉਤੇ ਪੰਜਾਬੀ ਸਨ, ਅਤੇ ਨਿਰੋਲ ਗ਼ੈਰ-ਪੰਜਾਬੀ ਸਕੁਐਡਰਨਾਂ ਦੀ ਗਿਣਤੀ ਕੇਵਲ 18 ਸੀ। ਜੰਗ ਨੇ ਇਸ ਤਨਾਸਬ ਨੂੰ ਹੋਰ ਵਧਾਇਆ। 1918 ਵਿਚ ਇਮਪੀਰੀਅਲ ਫੌਜ ਵਿਚ 198 ਭਾਰਤੀ ਘੋੜ ਸਵਾਰ ਸਕੁਐਡਰਨ ਸਨ ਜਿਨ੍ਹਾਂ ਵਿਚੋਂ ਪੂਰੀ ਤਰ੍ਹਾਂ ਪੰਜਾਬੀ 114¾ ਸਨ ਜਦ ਕਿ 65.25 ਅੰਸ਼ਕ ਤੌਰ ਉਤੇ ਪੰਜਾਬੀ ਸਨ ਅਤੇ ਨਿਰੋਲ ਗ਼ੈਰ-ਪੰਜਾਬੀ ਕੇਵਲ 18½ ਸਨ...ਜੰਗ ਖ਼ਤਮ ਹੋਣ ਸਮੇਂ 1918 ਵਿਚ ਇਨਫੈਨਟਰੀ ਦੀਆਂ ਕੰਪਨੀਆਂ ਦੀ ਕੁਲ ਗਿਣਤੀ 1049 ਸੀ ਜਿਸ ਵਿਚੋਂ 430¾ ਨਿਰੋਲ ਪੰਜਾਬੀ ਸਨ ਜਦ ਕਿ 220¾ ਅੰਸ਼ਕ ਤੌਰ ਉਤੇ ਪੰਜਾਬੀ ਸਨ।"[11]

ਇਹੋ ਕਾਰਨ ਸੀ ਕਿ "ਪਾੜੋ ਤੇ ਰਾਜ ਕਰੋ" ਦੀ ਬਰਤਾਨਵੀ ਨੀਤੀ ਵਧੇਰੇ ਮੱਕਾਰਾਨਾ ਢੰਗ ਨਾਲ ਪੰਜਾਬ ਵਿਚ ਅਮਲ ਵਿਚ ਲਿਆਂਦੀ ਗਈ। ਮੁਸਲਮ ਫਿਰਕਾ-ਪਰਸਤੀ ਨੂੰ ਹਲਾਸ਼ੇਰੀ ਦੇਂਦਿਆਂ ਹੋਇਆਂ ਬਰਤਾਨਵੀ ਹਾਕਮਾਂ ਨੇ ਨਾਲ ਹੀ ਸਿੱਖ ਫਿਰਕਾਪਰਸਤੀ ਨੂੰ ਵੀ ਪੂਰੀ ਤਰ੍ਹਾਂ ਹਵਾ ਦਿਤੀ ਅਤੇ ਅਨੇਕ ਸੂਖਮ ਤਰੀਕਿਆਂ ਨਾਲ ਇਸ ਨੂੰ ਆਪਣੇ ਸਾਮਰਾਜੀ ਮੰਤਵਾਂ ਲਈ ਵਰਤਿਆ। ਅੰਗਰੇਜ਼ ਵਿਦਵਾਨਾਂ ਵਲੋਂ ਸਿੱਖਾਂ ਦੇ ਇਤਿਹਾਸ ਅਤੇ ਗੁਰਬਾਣੀ ਬਾਰੇ ਲਿਖੀਆਂ ਪੁਸਤਕਾਂ ਵਿਚ ਸਿੱਖਾਂ ਦੇ ਨਵੇਕਲੇਪਣ ਨੂੰ ਉਭਾਰਿਆ ਗਿਆ ਅਤੇ ਪਹਿਲੀ ਵਾਰ "ਸਿੱਖ ਕੌਮ" ਦੇ ਸੰਕਲਪ ਨੂੰ ਈਜਾਦ ਕੀਤਾ ਗਿਆ। ਸਿੱਖਾਂ ਬਾਰੇ ਇਸ ਨੀਤੀ ਦਾ ਵਿਸਥਾਰ ਅੰਗਰੇਜ਼ ਸਰਕਾਰ ਦੇ ਆਪਣੇ ਗੁਪਤ ਪਤਰਾਂ ਵਿਚ ਅੰਕਿਤ ਹੈ। 'ਹੋਮ ਡੀਪਾਰਟਮੈਂਟ' ਦੀਆਂ ਪੁਰਾਣੀਆਂ ਫਾਈਲਾਂ ਵਿਚ ਡਾਇਰੈਕਟਰ ਕਰਿਮੀਨਲ ਇੰਨਟੈਲੀਜੈਂਸ ਸੀ. ਐਚ. ਕਲੀਵਲੈਂਡ ਦੇ ਦਸਖ਼ਤਾਂ ਵਾਲਾ ਇਕ ਮੈਮੋਰੈਂਡਮ ਮੌਜੂਦ ਹੈ। ਇਹ 1911 ਵਿਚ ਪੰਜਾਬ ਵਿਚ ਗੁਪਤਚਰ ਵਿਭਾਗ ਦੇ ਨਾਮੀ ਅਫ਼ਸਰ ਡੀ. ਪੈਟਰੀ ਦਾ ਤਿਆਰ ਕੀਤਾ ਹੋਇਆ ਹੈ। ਇਸ ਅਨੁਸਾਰ "ਭਾਰਤੀ ਫੌਜ ਵਿਚਲੇ ਸਿੱਖਾਂ ਨੂੰ ਵਿਓਂਤ ਅਨੁਸਾਰ ਕੌਮੀ ਬਣਾਇਆ ਗਿਆ ਹੈ ਜਾਂ (ਉਨ੍ਹਾਂ ਨੂੰ) ਪਰੇਰਿਆ ਗਿਆ ਹੈ ਕਿ ਉਹ ਆਪਣੇ ਆਪ ਨੂੰ ਇਕ ਬਿਲਕੁਲ ਨਵੇਕਲੀ ਅਤੇ ਵਖਰੀ ਕੌਮ ਸਮਝਣ; ਹਰ ਸੰਭਵ ਤਰੀਕੇ ਨਾਲ ਉਨ੍ਹਾਂ ਦੇ ਕੌਮੀ ਸਵੈਮਾਣ ਨੂੰ ਪਾਲਿਆ ਗਿਆ ਹੈ ਅਤੇ ਸਿੱਖ ਰਜਮੈਂਟਾਂ ਦੇ ਅੰਗਰੇਜ਼ ਅਫ਼ਸਰ ਗਰੰਥ ਸਾਹਿਬ ਜਾਂ ਸਿੱਖ ਧਾਰਮਿਕ ਪੁਸਤਕਾਂ ਨੂੰ ਸਲੂਟ ਕਰਦੇ ਹਨ।" ਇਹ ਹੀ ਨਹੀਂ, ਸਿੱਖ ਪਲਟਣਾਂ ਵਿਚ ਨਾ ਕੇਵਲ ਧਾਰਮਿਕ ਮਾਹੌਲ ਕਾਇਮ ਰਖਿਆ ਜਾਂਦਾ ਸੀ, ਸਗੋਂ ਰਹਿਤਨਾਮੇ ਦੀ ਉਲੰਘਣਾ ਕਰਨ ਵਾਲੇ ਸਿੱਖ ਸਿਪਾਹੀ ਨੂੰ ਫੌਜ ਦੇ ਨੇਮਾਂ ਅਨੁਸਾਰ ਸਜ਼ਾ ਵੀ ਦਿਤੀ ਜਾਂਦੀ ਸੀ।

ਕੀ ਇਹ ਨੀਤੀ ਅਪਣਾਉਣ ਵਿਚ ਅੰਗਰੇਜ਼ ਜ਼ਰੂਰਤ ਤੋਂ ਵਧ ਮੁਹਤਾਤ ਸਨ? ਮੇਰਾ ਖ਼ਿਆਲ ਹੈ, ਨਹੀਂ। ਬਾਅਦ ਦੇ ਹਾਲਾਤ ਨੇ ਇਸ ਗਲ ਦੀ ਪੁਸ਼ਟੀ ਕੀਤੀ ਕਿ 1907 ਦੀ ਕਿਸਾਨ ਐਜੀਟੇਸ਼ਨ ਸਮੇਂ ਸਿੱਖ ਫੌਜੀ ਵੀ ਕਿਸੇ ਹੱਦ ਤਕ ਪ੍ਰਭਾਵਤ ਹੋ ਗਏ ਸਨ। ਫੀਰੋਜ਼ਪੁਰ ਅਤੇ ਮੁਲਤਾਨ ਵਿਚ ਤਾਂ ਸਿੱਖ ਫੌਜੀਆਂ ਨੇ ਕਿਸਾਨ ਅੰਦੋਲਨਕਾਰੀਆਂ ਦੇ ਜਲਸਿਆਂ ਵਿਚ ਵੀ, ਅਫ਼ਸਰਾਂ ਦੇ ਆਦੇਸ਼ਾਂ ਦੀ ਉਲੰਘਣਾ ਕਰਦਿਆਂ, ਸ਼ਮੂਲੀਅਤ ਕੀਤੀ। ਇਹ ਗਲ ਇਤਫਾਕੀਆ ਨਹੀਂ ਸੀ ਕਿ ਕਮਾਂਡਰ-ਇਨ-ਚੀਫ਼ ਕਿਚਨਰ ਨੇ ਫੌਜਾਂ ਉਤੇ ਕਿਸਾਨ ਅੰਦੋਲਨ ਦੇ ਪੈਂਦੇ ਪਰਭਾਵ ਨੂੰ ਲੈਂਡ ਕਾਲੋਨਾਈਜ਼ੇਸ਼ਨ ਬਿੱਲ ਨੂੰ ਵਾਪਸ ਲੈਣ ਲਈ ਇਕ ਦਲੀਲ ਵਜੋਂ ਵਰਤਿਆ।

ਇਹ ਗਲ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਸਿੱਖ ਫਿਰਕਾ-ਪਰਸਤੀ ਦੀ ਪਹਿਲੀ ਜਥੇਬੰਦੀ,

ਸਿੰਘ ਸਭਾ ਤਕਰੀਬਨ ਉਸ ਸਮੇਂ ਹੋਂਦ ਵਿਚ ਆਈ ਜਦੋਂ ਆਰੀਆ ਸਮਾਜ ਬਣਿਆ ਸੀ। ਇਨ੍ਹਾਂ ਜਥੇਬੰਦੀਆਂ ਦਾ ਤਕਰੀਬਨ ਇਕੋ ਸਮੇਂ ਵਿਚ ਕਾਇਮ ਕੀਤੇ ਜਾਣਾ ਇਨ੍ਹਾਂ ਦੇ ਸਾਂਝੇ ਆਧਾਰ ਵਲ ਸੰਕੇਤ ਕਰਦਾ ਹੈ। ਜਦ ਕਿ ਵਪਾਰੀ ਅਤੇ ਸੂਦ-ਖੋਰ ਹਿੰਦੂ ਜਾਤਾਂ ਦੀਆਂ ਜਿਹੜੀਆਂ ਪਹਿਲਾਂ ਹੀ ਕੁਝ ਆਰਥਕ ਸਮਰੱਥਾ ਅਤੇ ਸਮਾਜਕ ਹੈਸੀਅਤ ਰਖਦੀਆਂ ਸਨ, ਨਵੀਆਂ ਉਮੰਗਾਂ ਆਰੀਆ ਸਮਾਜ ਦੇ ਤੇਜ਼ ਪਸਾਰ ਦਾ ਕਾਰਨ ਬਣੀਆਂ, ਸਿੰਘ ਸਭਾ ਦੇ ਮਾਮਲੇ ਵਿਚ ਸਿੱਖ ਜਾਗੀਰਦਾਰਾਂ ਅਤੇ ਨਵੇਂ ਪੜ੍ਹੇ-ਲਿਖੇ ਅਤੇ ਬਣ ਰਹੇ ਦਰਮਿਆਨੇ ਤਬਕਿਆਂ ਦੀਆਂ ਸਰਪਰਸਤੀ ਅਤੇ ਆਪਣੇ ਹਿਤ ਪਾਲਣ ਦੀਆਂ ਲਾਲਸਾਵਾਂ, ਇਸ ਜਥੇਬੰਦੀ ਦੇ ਵਧਣ ਵਿਚ ਸਹਾਈ ਹੋਈਆਂ। ਇਹੋ ਕਾਰਨ ਹੈ ਕਿ ਇਹ ਦੋਵੇਂ ਜਥੇਬੰਦੀਆਂ ਆਪਣੇ ਸਮਾਜੀ-ਰਾਜਸੀ ਰੋਲ ਦੇ ਪਖੋਂ ਇਕ ਦੂਜੇ ਨਾਲੋਂ ਬਿਲਕੁਲ ਵੱਖ ਸਿਧ ਹੋਈਆਂ। ਸਿੰਘ ਸਭਾ ਨੂੰ ਸਰਕਾਰੀ ਸਰਪਰਸਤੀ ਹਾਸਲ ਹੋਈ। ਪਹਿਲੀ ਸਿੰਘ ਸਭਾ ਅੰਮ੍ਰਿਤਸਰ ਵਿਚ 1873 ਵਿਚ ਕਾਇਮ ਹੋਈ। ਦੂਜੀ ਸਭਾ 1881 ਵਿਚ ਲਾਹੌਰ ਵਿਚ ਬਣੀ ਅਤੇ ਇਸ ਨੇ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਨੂੰ ਸਰਪਰਸਤੀ ਲਈ ਬੇਨਤੀ ਕੀਤੀ ਜੋ ਉਸ ਨੇ ਕਬੂਲ ਕਰ ਲਈ। ਇਹ ਇਕ ਰਵਾਇਤ ਬਣਾ ਲਈ ਗਈ ਅਤੇ ਇਉਂ ਹਰ ਨਵਾਂ ਗਵਰਨਰ ਸਿੰਘ ਸਭਾ ਦਾ ਸਰਪਰਸਤ ਬਣਾ ਦਿਤਾ ਜਾਂਦਾ ਰਿਹਾ। ਸਿੰਘ ਸਭਾਵਾਂ ਕਈ ਸ਼ਹਿਰਾਂ ਵਿਚ ਬਣ ਗਈਆਂ ਅਤੇ ਇਨ੍ਹਾਂ ਦੇ ਉਪਰ ਚੀਫ਼ ਖ਼ਾਲਸਾ ਦੀਵਾਨ ਦੀ ਸਰਦਾਰੀ ਕਾਇਮ ਕਰ ਦਿਤੀ ਗਈ। ਅੰਗਰੇਜ਼ ਨੇ ਦੀਵਾਨ ਨੂੰ "ਸਿੱਖ ਹਿਤਾਂ" ਦਾ ਪ੍ਰਤੀਨਿਧ ਮੰਨਿਆ ਅਤੇ ਭਾਰਤ ਦੇ ਇਕ ਤੋਂ ਵਧ ਵਾਇਸਰਾਏ ਇਸ ਵਲੋਂ ਸਵਾਗਤੀ ਐਡਰੈਸ ਤੇ ਸਰੋਪੇ ਲੈਂਦੇ ਰਹੇ।

ਅੰਮ੍ਰਿਤਸਰ ਵਿਚ ਖਾਲਸਾ ਕਾਲਿਜ ਸਥਾਪਤ ਕਰਨ ਵਿਚ ਅੰਗਰੇਜ਼ ਹਾਕਮਾਂ ਨੇ ਇਕ ਨੀਤੀ ਵਜੋਂ ਡੂੰਘੀ ਦਿਲਚਸਪੀ ਵਿਖਾਈ। ਕਾਲਿਜ ਲਈ ਮੁਢਲੀਆਂ ਉਗਰਾਹੀਆਂ ਵਿਚ ਵਾਇਸਰਾਏ, ਕਮਾਂਡਰ-ਇਨ-ਚੀਫ਼ ਅਤੇ ਅਨੇਕਾਂ ਹੋਰ ਅੰਗਰੇਜ਼ ਅਧਿਕਾਰੀਆਂ ਨੇ ਚੰਦੇ ਦਿਤੇ। 1892 ਵਿਚ ਉਸ ਸਮੇਂ ਦੇ ਲੈਫਟੀਨੈਂਟ ਗਵਰਨਰ ਨੇ ਇਸ ਦਾ ਨੀਂਹ-ਪੱਥਰ ਰਖਿਆ। ਸਿੱਖ ਰਿਆਸਤਾਂ ਨੇ ਉਗਰਾਹੀਆਂ ਭੇਜੀਆਂ। ਸਿੱਖ ਪਲਟਣਾਂ ਨੇ ਚੰਦੇ ਦਿਤੇ।

ਬਾਅਦ ਦੇ ਵਰ੍ਹਿਆਂ ਵਿਚ ਕੌਮੀ ਆਜ਼ਾਦੀ ਦੀ ਲਹਿਰ ਦੇ ਚੜ੍ਹਾਅ ਦੇ ਦਿਨਾਂ ਵਿਚ ਅੰਗਰੇਜ਼ ਹਾਕਮ ਇਸ ਗਲ ਦਾ ਰੁਦਨ ਕਰਦੇ ਕਿ ਉਹ ਤਾਂ ਆਜ਼ਾਦੀ ਦੇਣਾ ਚਾਹੁੰਦੇ ਹਨ ਪਰ ਹਿੰਦੁਸਤਾਨੀ ਆਪਣੀ ਮੰਗ ਬਾਰੇ ਆਪਸ ਵਿਚ ਪਾਟੇ ਹੋਏ ਹਨ। ਇਸ ਨੂੰ ਖ਼ੁਦ-ਫਰੇਬੀ ਕਹੋ ਜਾਂ ਮੱਕਾਰੀ ਦੀ ਇੰਤਹਾ। ਉਹ ਇਨ੍ਹਾਂ ਹਾਕਮਾਂ ਦੇ ਪੁਰਖੇ ਹੀ ਤਾਂ ਸਨ ਜਿਨ੍ਹਾਂ ਖੂਨ ਦੀ ਹੋਲੀ ਖੇਡ ਕੇ ਪੰਜਾਬ ਨੂੰ ਤਾਬਿਆ ਕੀਤਾ ਅਤੇ ਫੇਰ ਹਰ ਸੰਭਵ ਹਥ-ਕੰਡਾ ਵਰਤ ਕੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸ ਵਿਚ ਪਾੜੀ ਰਖਿਆ। ਪਰ ਆਜ਼ਾਦੀ ਦੀ ਲਹਿਰ ਇਨ੍ਹਾਂ ਸਭਨਾਂ ਚਾਲਾਂ ਉਤੇ ਹਾਵੀ ਹੋਈ। ਇਸ ਦੀ ਸਫਲਤਾ ਦਾ ਇਕ ਵਡਾ ਕਾਰਨ ਉਹ ਕੌਮਾਂਤ੍ਰੀ ਹਾਲਾਤ ਸਨ ਜਿਹੜੇ ਦੂਜੀ ਸੰਸਾਰ ਜੰਗ ਦੇ ਨਤੀਜਿਆਂ ਵਜੋਂ ਉਤਪੰਨ ਹੋਏ ਅਤੇ ਜਦੋਂ ਕੌਮਾਂਤ੍ਰੀ ਪੈਮਾਨੇ ਉਤੇ ਬਸਤੀਵਾਦ ਦੀ ਸਫ਼ ਵਲ੍ਹੇਟੀ ਜਾਣ ਲੱਗੀ।

---

1. M.M.Ahluwalia, "Kukas—The Freedom Fighters of the Punjab", p. 272.
2. Bhai Nahar Singh, "Documents Relating to Bhai Maharaj Singh", pp. 39-43.



3. G.S. Chhabra, "The Advanced History of the Punjab," Vol. II, pp. 351-52
4. Marx, Engels, "The First Indian War of Independence", 1857-59, p. 58.
5. Imperial Gazetteer of India, Provincial Series, Punjab,1911, Vol. I, p. 86.
6. Ibid. p. 45.
7. Imperial Gazetteer of India, Provincial Series, Punjab, Vol. I, p. 83.
8. Monograph on Iron and Steel Industry in the Punjab, 1906-7, p. 2.
9. Monograph on Paper Making and Paper Mache in the Punjab, 1907-8, p. 19
10. Imperial Gazetteer of India, Provincial Series, Punjab, 1 11, Vol. I, p. 130.
11. M.S. Leigh, "The Punjab and the War", 1922, Lahore, p. 7.

---

ਨੋਟ : ਡਾਇਰੇਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਮਿਤੀ ਪੰ: 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

---

## ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ ਗੁਰਬਾਣੀ ਦਾ ਸੱਚ (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ।

—ਅਦਾਰਾ ਸੇਧ

---

Jagjit Singh
**THE SIKH REVOLUTION**

A book tracing the logical development of the Sikh movement, that made the solution of political problem an integral part of its programme......

A book of absorbing interest to all students of Indian history about a movement that was qualitatively different from all other Indian religious movements......

An analytical study, well authenticated
Hardbound, Pages 300, Price : Rs. 110/-
Order your copy to SEDH, A-42, Defence Colony, New Delhi-24.

## ਰਚਨਾ ਦਾ ਵਿਸ਼ਲੇਸ਼ਣ

ਸੁਤਿੰਦਰ ਸਿੰਘ ਨੂਰ

ਪੰਜਾਬੀ ਆਲੋਚਨਾ ਵਿਚ ਰਚਨਾ ਦੇ ਵਿਸ਼ਲੇਸ਼ਣ ਵੱਲ ਬਹੁਤ ਘਟ ਧਿਆਨ ਦਿਤਾ ਗਿਆ ਹੈ, ਇਸੇ ਲਈ ਆਲੋਚਕਾਂ ਦਾ ਵਧੇਰੇ ਧਿਆਨ ਸਿਧਾਂਤਕ ਗੱਲਾਂ ਵੱਲ ਵਧੇਰੇ ਰਿਹਾ ਹੈ। ਇਥੋਂ ਤਕ ਕਿ ਵਿਹਾਰਕ ਆਲੋਚਨਾ ਜਾਂ ਸਮੀਖਿਆ ਦੀ ਗੱਲ ਕਰਦਿਆਂ ਵੀ ਆਲੋਚਕ ਉਨਾ ਵਿਸ਼ਲੇਸ਼ਣ ਵੱਲ ਰੁਚਿਤ ਨਹੀਂ ਹੁੰਦੇ, ਜਿੰਨਾ ਵਿਸ਼ਲੇਸ਼ਣ ਤੋਂ ਓਪਰੀਆ ਗੱਲਾਂ ਵੱਲ। ਇਹ ਦੋਸ਼ ਕਿਤੇ ਵਿਧੀ ਵਿਚ ਰਹਿ ਜਾਂਦਾ ਹੈ। ਮਾਰਕਸਵਾਦੀ ਆਲੋਚਨਾ 'ਤੇ ਕਿੰਤੂ ਕੀਤਾ ਗਿਆ ਹੈ ਕਿ ਉਹ ਵਿਸ਼ਲੇਸ਼ਣ ਦੀ ਥਾਂ ਨਿਸਚੇਵਾਦੀ ਮੁਲੰਕਣੀ ਰਹੀ ਹੈ। ਇਸ ਲਈ ਰਚਨਾ ਦੇ ਸੰਗਠਨ ਦੀ ਪਛਾਣ ਉਸ ਵਿਚ ਕਾਇਮ ਨਾ ਹੋ ਸਕੀ। ਰੂਪਵਾਦੀ ਸੰਰਚਨਾਵਾਦੀ ਆਲੋਚਨਾ ਦੇ ਪਿਛਲੇ ਦੌਰ ਵਿਚ 'ਰੂਪਕੀ' (ਹਰਿਭਜਨ ਸਿੰਘ) ਵਰਗੀਆਂ ਜੋ ਪੁਸਤਕਾਂ ਵਿਹਾਰਕ ਆਲੋਚਨਾ ਜਾਂ ਸਮੀਖਿਆ ਨਾਲ ਸਬੰਧਤ ਸਾਹਮਣੇ ਆਈਆਂ, ਉਹ ਵੀ ਰਚਨਾ ਦਾ ਵਿਸ਼ਲੇਸ਼ਣ ਕਰਨ ਦੇ ਅਸਮਰੱਥ ਰਹੀਆਂ। ਵਿਧੀ-ਐਂਗਲੋ-ਅਮਰੀਕਨ ਸਮੀਖਿਆ ਤੋਂ ਲਈ ਗਈ ਸੀ ਤੇ ਹਰ ਕਵਿਤਾ ਦੇ ਤਨਾਓ, ਸੰਬੋਧਨ ਦੀ ਪਛਾਣ ਤੋਂ ਅੱਗੇ ਨਾ ਕ੍ਰਾਕ ਸਕੀ। ਕਵਿਤਾ ਦੇ ਸੰਗਠਨ ਦੀਆਂ ਮਹਤਵ ਯੋਗ ਗੱਲਾਂ ਪਛਾਣਨ ਤੋਂ ਅਸਮਰੱਥ ਰਹੀ। ਵਿਸ਼ਲੇਸ਼ਣ ਦੇ ਨਾਂ 'ਤੇ ਮੁਲੰਕਣ ਨੂੰ ਖੇਤਰ 'ਚੋਂ ਕੱਢ ਹੀ ਦਿਤਾ ਗਿਆ ਤੇ ਕਵਿਤਾ ਦੇ ਸੰਚਾਰ ਤੇ ਸੰਦੇਸ਼ ਵਿਚ ਕਵੀ ਦੀ ਦ੍ਰਿਸ਼ਟੀ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ—ਇਸ ਨੂੰ ਜ਼ਰੂਰੀ ਨਾ ਸਮਝਿਆ ਗਿਆ। ਇਉਂ ਕੁਝ ਕੁ ਤਕਨੀਕੀ ਸ਼ਬਦਾਂ ਦਾ ਸ਼ਿਕਾਰ ਹੋ ਕੇ ਇਹ ਆਲੋਚਨਾ ਵੀ ਇਕ ਭਾਂਤ ਨਿਸਚੇਵਾਦੀ-ਬਿਰਤੀ ਦਾ ਸ਼ਿਕਾਰ ਹੋ ਕੇ ਖਤਮ ਹੋ ਗਈ।

ਗਿਆਨ ਦੇ ਵਿਕਾਸ ਨਾਲ ਆਲੋਚਨਾ ਦੀ ਭਾਸ਼ਾ ਵੀ ਵਿਕਸਤ ਹੁੰਦੀ ਹੈ। ਆਲੋਚਨਾ ਦੇ ਵੱਖਰੇ ਰੂਪ ਦੀ ਪਛਾਣ ਕਾਇਮ ਹੋਣ ਦਾ ਇਹ ਭਾਵ ਨਹੀਂ ਕਿ ਆਲੋਚਨਾ ਵਿਚ ਕੁਝ ਕੁ ਤਕਨੀਕੀ ਸ਼ਬਦਾਂ ਨੂੰ ਹਮੇਸ਼ ਪਰਿਭਾਸ਼ਤ ਕਰਨ ਲਈ ਰਚਨਾ ਨੂੰ ਵਰਤਿਆ ਜਾਵੇ। ਰਚਨਾ ਦੇ ਸੰਗਠਨ ਦਾ ਵਿਸ਼ਲੇਸ਼ਣ ਕਰਨ ਲਈ ਉਹੀ ਤਕਨੀਕੀ ਸ਼ਬਦ ਵਰਤੋਂ ਵਿਚ ਆਉਣਗੇ, ਜੋ ਸਹਿਜੇ ਹੀ ਆਪਣਾ ਤਾਲ-ਮੇਲ ਉਸ ਸੰਗਠਨ ਨਾਲ ਕਾਇਮ ਕਰਨਗੇ, ਜੋ ਰਚਨਾ ਦੇ ਅੰਦਰ ਪਿਆ ਹੈ, ਜਿਸ ਕਾਰਨ ਉਸ ਰਚਨਾ ਦੀ ਹੋਂਦ ਹੈ। ਰਚਨਾ ਦੇ ਅਜਿਹੇ ਵਿਸ਼ਲੇਸ਼ਣ ਦੀ ਵਿਧੀ ਨੂੰ ਸਪੱਸ਼ਟ ਕਰਨ ਲਈ ਅਸੀਂ ਮੋਹਨ ਸਿੰਘ ਦੀ ਪ੍ਰਸਿਧ ਕਵਿਤਾ ਤਾਜ ਮਹਲ (ਕਸੁੰਭੜਾ, ਪੰਨਾ **29**) ਨੂੰ ਮੁਖ ਰਖਦੇ ਹਾਂ,



ਕਿਉਂਕਿ ਇਸ ਕਵਿਤਾ ਬਾਰੇ ਲਗ ਪਗ ਸਾਰੇ ਆਲੋਚਕਾਂ ਵਲੋਂ ਹੀ ਸਮੇਂ ਸਮੇਂ ਚਰਚਾ ਕੀਤੀ ਗਈ ਹੈ।

ਭਾਵੇਂ ਇਹ ਕਵਿਤਾ ਮੋਹਨ ਸਿੰਘ ਦੇ ਦੂਜੇ ਕਾਵਿ-ਸੰਗ੍ਰਹਿ 'ਕਸੁੰਭੜਾ' **ਵਿਚੋਂ** ਹੈ ਜਿਸ ਦਾ ਪ੍ਰਕਾਸ਼ਨ 1939 ਵਿਚ, 'ਸਾਵੇ ਪੱਤਰ' ਤੋਂ ਤਿੰਨ ਵਰ੍ਹੇ ਬਾਅਦ ਹੋਇਆ, ਇਸ 17 ਬੰਦਾਂ ਦੀ ਕਵਿਤਾ ਵਿਚ ਜੋ ਵਿਧੀ ਤੇ ਪ੍ਰਬੰਧ ਸਾਹਮਣੇ ਆਉਂਦਾ ਹੈ, ਉਨ੍ਹਾਂ ਦੀ ਬੀਜ-ਸਮਗ੍ਰੀ ਮੋਹਨ ਸਿੰਘ ਦੀਆਂ ਹੋਰ ਪਹਿਲੀਆਂ ਕਵਿਤਾਵਾਂ ਵਿਚ ਵੀ ਦੇਖੀ ਜਾ ਸਕਦੀ ਹੈ। ਉਦਾਹਰਣ ਦੇ ਤੌਰ 'ਤੇ ਸਾਵੇ ਪੱਤਰ ਦੀ ਰਚਨਾ 'ਮੈਂ ਨਹੀ ਰਹਿਣਾ ਤੇਰੇ ਗਿਰਾਂ' ਹੀ ਲੈ ਲਉ। ਇਸ ਕਵਿਤਾ ਦਾ ਆਰੰਭ ਵੀ ਉਸੇ ਕਾਲਹੀਣ ਸੁਤੰਤਰ ਪ੍ਰਕਿਰਤਕ ਜਗਤ 'ਚੋਂ ਹੁੰਦਾ ਹੈ, ਜਿਸ ਦਾ ਪ੍ਰਗਟਾਉ ਉਸ ਕਵਿਤਾ ਦੇ ਪੰਜਾਂ ਬੰਦਾਂ ਤੋਂ ਬਾਅਦ ਹੁੰਦਾ ਹੈ। ਉਸ ਕਵਿਤਾ ਵਿਚ ਬੇਮੁਹਾਰ ਤੇ ਨਿਸ਼ਕ੍ਰਿਆ ਵਿਲਾਸ ਦਾ ਵਾਤਾਵਰਨ ਵੀ ਹਥਲੀ ਕਵਿਤਾ ਦਾ ਨਿਸ਼ਕ੍ਰਿਆ, ਕਾਮ ਜਾਂ ਭੋਗ-ਮੁਦਰਾਵਾਂ ਦਾ ਵਾਤਾਵਰਣ ਹੈ। ਉਥੇ ਮੋਹਨ ਸਿੰਘ ਵਾਸਤਵਿਕ ਜਗਤ ਨੂੰ 'ਚੂੜੇ ਵਾਲੀ ਕੁੜੀ' ਜਾਂ 'ਸੋਨੇ ਲੱਦੀ ਪਰੀ' ਦ ਪ੍ਰਤੀਕ ਵਿਚ ਬੰਨ੍ਹਣ ਲਈ ਯਤਨਸ਼ੀਲ ਸੀ, ਇਥੇ 'ਤਾਜ-ਮਹੱਲ' ਦੀ ਵਾਸਤਵਿਕ ਇਮਾਰਤ ਦੇ ਸੁਹਜ ਨੂੰ ਉਸੇ ਕੁੜੀ ਜਾਂ ਪਰੀ ਦੇ 'ਬਰਫ-ਦੁੱਧ-ਚੰਨ-ਚਿੱਟੇ' ਹਿੱਕ ਉਭਾਰਾਂ ਦੇ ਰੂਪ ਵਿਚ ਕਲਪਦਾ ਹੈ। ਉਥੇ 'ਕੁੜੀ' 'ਪਰੀ' ਜਾਂ ਸਾਂਸਕ੍ਰਿਤਕ ਇਤਿਹਾਸਕ ਮਾਹੌਲ ਨੂੰ ਤਿਆਗ ਕੇ ਉਹ ਪ੍ਰਕਿਰਤਕ ਮਿਥਿਹਾਸਕ ਜਗਤ ਵਿਚ ਪਹੁੰਚਿਆ ਸੀ, ਇਥੇ ਪ੍ਰਕਿਰਤਕ ਜਗਤ ਤੋਂ ਗੱਲ ਅਰੰਭ ਕਰ ਕੇ ਇੰਦ੍ਰਿਆਵੀ-ਰੂਪਾਂ ਦੇ ਮਾਧਿਅਮ 'ਚੋਂ ਹੁੰਦਾ ਹੋਇਆ, ਉਨ੍ਹਾਂ ਪ੍ਰਸ਼ਨਾਂ ਵੱਲ ਰੁਚਿਤ ਹੁੰਦਾ ਹੈ, ਜੋ ਇਤਿਹਾਸ ਤੇ ਸਾਂਸਕ੍ਰਿਤੀ ਦੇ ਪ੍ਰਸ਼ਨ ਹਨ।

ਇਸ ਕਵਿਤਾ ਵਿਚ ਜਿਸ ਪ੍ਰਕਿਰਿਆ 'ਚੋਂ ਉਹ ਮਕਾਨਕੀ-ਵਿਧੀ ਨਾਲ ਲੰਘਦਾ ਹੈ, ਧਿਆਨਯੋਗ ਹੈ। ਇਹ ਦੇਖਣ ਲਈ ਅਸੀਂ ਇਸ ਕਵਿਤਾ ਦੇ ਸੰਗਠਨ ਦੇ ਅੰਤ੍ਰੀਵ ਪਹਿਲੂਆਂ ਦੀ ਪਛਾਣ ਵੱਲ ਰੁਚਿਤ ਹੁੰਦੇ ਹਾਂ। ਉਸ ਕੋਲ ਸਪੱਸ਼ਟ ਤੌਰ 'ਤੇ ਦੋ ਮਾਨਸਿਕ ਸਥਿਤੀਆਂ ਹਨ, ਸੌਣ ਤੇ ਜਾਗਣ ਦੀਆ ਮਨੋਸਥਿਤੀਆਂ। ਕਵਿਤਾ ਦੇ ਪਹਿਲੇ ਛੇ ਦੋਹਿਆਂ ਵਿਚ ਉਹ ਨਿਰੋਲ ਸੌਣ-ਸਥਿਤੀ ਵਿਚ ਹੈ, ਉਸ ਦੇ ਪ੍ਰਤਿਨਿਧ ਸ਼ਬਦ ਇਸੇ ਸਥਿਤੀ ਨੂੰ ਪਰਗਟ ਕਰਦੇ ਹਨ : (1) ਸੁਹਲ ਪਤਲੀਆਂ ਚੰਨ ਦੀਆ ਰਿਸ਼ਮਾਂ ਸੁੱਤੀਆਂ (2) ਲਗ ਟਾਹਣਾਂ ਗਲ ਵੇਲਾਂ ਸੁੱਤੀਆਂ (3) ਸ਼ਾਂਤ ਸੁੱਤੇ ਜਮਨਾ ਦੇ ਕੰਢੇ (4) ਸੁੱਤੇ ਪਾਣੀਆਂ ਦੇ ਵਿਚ ਸੁੱਤੇ (5) ਸੁੱਤੇ ਏਸ ਚੁਗਿਰਦੇ ਅੰਦਰ (o) ਸਵਾਦ ਸਵਾਦ ਤੋਂ ਉਂਘੇ (7) ਨੀਂਦ ਵਲੇਵੇਂ ਵਲੀਆਂ (8) ਨੀਂਦ-ਵਿਗੁੱਤੀ ਜਲਧਾਰਾ (9) ਨੀਂਦ-ਟੂਣਿਆਂ ਦੇ ਜੰਤਰ ਵਿਚ

ਇਹ ਮਨੋਸਥਿਤੀ ਉਸ ਨੇ ਕਾਮ-ਮੁਦਰਾਵਾਂ ਨਾਲ ਸਬੰਧਤ ਕੀਤੀ ਹੈ। ਬਿੰਬ ਇੰਦ੍ਰਿਆਵੀ ਹਨ, ਚੰਨ ਦੀਆਂ ਰਿਸ਼ਮਾਂ ਦੀਆਂ ਮਰਮਰਾਂ ਦੇ ਗਲ ਵਿਚ ਬਾਹਵਾਂ, ਘਾਹ ਦੇ ਸੋਹਲ ਸੀਨਿਆਂ 'ਤੇ ਊਂਘਦੇ ਬਿਰਛਾਂ ਬੂਟਿਆਂ ਦੇ ਪਰਛਾਵੇਂ, ਟਾਹਣਾਂ ਗਲ ਵੇਲਾਂ, ਵੇਲਾਂ ਗਲ ਕਲੀਆਂ, ਕਲੀਆਂ ਗਲ ਗੰਧਾਂ; ਇਕ ਅਹਿੱਲ-ਜਗਤ, ਇਕ ਬਿੰਦੂ 'ਤੇ ਗਤੀਹੀਨ ਹੋ ਕੇ ਸਿਮਟਿਆ ਜਗਤ, ਇਹ ਸਭ ਕੁਝ ਅਚੇਤ ਹੈ ਜਿਸ ਨੂੰ ਮੋਹਨ ਸਿੰਘ ਰੂਪਕਾਂ ਦੀ ਜ਼ਬਾਨ ਵਿਚ ਰੋਮਾਨੀ ਖ਼ੂਬਸੂਰਤੀ ਨਾਲ ਚਿਤਰਦਾ ਹੈ। ਅਜਿਹੇ ਬਿਆਨ ਦਾ ਉਹ ਮਾਹਿਰ ਹੈ।

ਇਸ ਤੋਂ ਬਾਅਦ ਉਹ ਜਾਗਣ ਦੀ ਮਨੋਸਥਿਤੀ ਵਿਚ ਪ੍ਰਵਸ਼ ਕਰਦਾ ਹੈ : (1) ਮੈਂ ਕੱਲਾ ਇਕ ਜਾਗਾਂ (2) ਜਗ ਰਹੀਆਂ ਦੋ ਅੱਖਾਂ ਮੇਰੀਆਂ (3) ਵਾਂਗ ਚਿਰਾਗਾਂ

'ਮੈਂ ਕੱਲਾ ਇਕ ਜਾਗਾਂ' ਦੇ ਇਕੇਰਾਂ ਆਉਣ ਨਾਲ ਅਸੀਂ ਚੇਤੰਨ ਹੁੰਦੇ ਹਾਂ ਕਿ ਇਹ ਕਵਿਤਾ

ਕੇਵਲ ਪ੍ਰਕਿਰਤੀ ਦੇ ਇੰਦ੍ਰਿਆਵੀ ਬਿੰਬ ਬਾਰੇ ਨਹੀਂ ਸਗੋਂ ਇਸ ਕਵਿਤਾ ਦੇ ਪ੍ਰਬੰਧ ਵਿਜ ਮਾਨਵੀ ਵਿਅੱਕਤਿਤਵ ਤੇ ਦ੍ਰਿਸ਼ਟੀ ਵੀ ਪਏ ਹਨ। ਕਵੀ ਦੀ ਜਾਗ੍ਰਿਤ ਮਨੋਸਥਿਤੀ ਉਸਦੇ ਸੁਚੇਤ ਆਪੇ ਨੂੰ ਬਿੰਬਤ ਕਰਦੀ ਹੈ। ਇਸ ਵਿਚ ਇਕ ਦੂਜੇ ਦੇ ਸਮਵਿੱਥ ਦੋ ਗੱਲਾਂ ਵਿਚਰ ਰਹੀਆਂ ਹਨ :

| | |
|---|---|
| 1 ਬਰਫ਼ ਦੁੱਧ ਚੰਨ ਚਿੱਟੇ ਹਿੱਕ ਉਭਾਰ | 1 ਸੁਹਜ-ਸਵਾਦ |
| 2 ਉਨ੍ਹਾਂ ਤੇ ਫਿਰਦੇ ਪਿਆਰ-ਵਿਗੁੱਤੇ ਪੋਟੇ | 2 ਮੁਗਲਾਂ ਦਾ ਕਸਬ-ਹੁਨਰ |
| 3 ਮਸਤਾਈਆਂ ਅਲਸਾਈਆਂ ਨਜ਼ਰਾਂ | |

ਮੁਗਲਾਂ ਦੇ ਸੁਹਜ-ਸਵਾਦ ਕਸਬ-ਹੁਨਰ ਨੂੰ ਜਾਗ੍ਰਿਤ ਅਵਸਥਾ ਵਿਚ ਦੇਖਣ ਸਮੇਂ ਵੀ ਕਵੀ ਕੋਲ ਸੁਪਤ ਅਵਸਥਾ ਵਾਲੀ ਦ੍ਰਿਸ਼ਟੀ ਜਾਂ ਮਨੋਸਥਿਤੀ ਹੈ। ਸੁਪਤ ਅਵਸਥਾ ਵਿਚ ਉਸ ਦੀ ਇੰਦ੍ਰਿਆਵੀ ਜਾਂ ਵਿਲਾਸ-ਕਲਪਨਾ ਗੁੰਬਦਾਂ ਨੂੰ ਹਿੱਕ ਉਭਾਰਾਂ ਵਿਚ ਬਦਲ ਲੈਂਦੀ ਹੈ ਤੇ ਉਨ੍ਹਾਂ 'ਤੇ ਪਿਆਰ ਵਿਗੁੱਤੇ ਪੋਟੇ ਫੇਰਦੀ ਹੈ। ਜਾਗ੍ਰਿਤ ਅਵਸਥਾ ਵਿਚ ਵੀ ਇਹ ਦ੍ਰਿਸ਼ਟੀ ਉਸ ਅਚੇਤ ਸਥਿਤੀ ਤੋਂ ਭਿੰਨ ਨਹੀਂ, ਜਿਸ ਰਾਹੀਂ ਉਸ ਦੇ ਪਹਿਲੇ ਛੇ ਬੰਦਾਂ ਵਿਚ ਪ੍ਰਕਿਰਤੀ ਨੂੰ ਅਹਿਲ ਸਥਿਤ-ਬਿੰਦੂ ਤੇ ਕਾਮ-ਮੁਦਰਾਵਾਂ ਵਿਚ ਲੀਨ ਬਿਆਨਿਆ ਹੈ।

ਮੋਹਨ ਸਿੰਘ ਅਚੇਤ-ਸੁਚੇਤ ਨੂੰ ਇਸ ਦ੍ਰਿਸ਼ਟੀ ਨਾਲ ਸੰਬੰਧਤ ਕਰਦਿਆਂ ਦਸ ਪਹਿਲੇ ਬੰਦਾਂ 'ਚੋਂ ਪਾਰ ਲੰਘਦਾ ਹੈ। ਗਿਆਰ੍ਹਵੇਂ ਦੋਹੇ ਤੋਂ ਇਸ ਕਵਿਤਾ ਦਾ ਦੂਜਾ ਹਿੱਸਾ ਸ਼ੁਰੂ ਹੁੰਦਾ ਹੈ। ਉਸ ਨੂੰ ਪ੍ਰਗਤੀਸ਼ੀਲਤਾ ਦਾ ਕਰਤੱਵ ਯਾਦ ਕਰਾਉਂਦਾ ਹੈ ਕਿ ਉਹ ਜਿਸ ਫੈਂਤਸੀ ਪ੍ਰਤੀ ਰੁਚਿਤ ਹੋ ਰਿਹਾ ਹੈ, ਇਹ ਤਾਂ ਸਾਮੰਤੀ-ਸਿਰਜਣਾ ਹੈ। ਉਹ ਉਸ ਫੈਂਤਸੀ ਨੂੰ ਤੋੜਨ ਲਈ ਉਸ ਭੂਤਕਾਲੀ ਬਿੰਦੂ ਵਲ ਪਰਤਦਾ ਹੈ, ਜਦੋਂ ਤਾਜ ਮਹੱਲ ਦੀ ਇਮਾਰਤ ਬਣਾਈ ਜਾ ਰਹੀ ਸੀ। ਹੁਣ ਉਸ ਵਾਸਤੇ ਤਾਜ-ਮਹੱਲ ਦਾ ਕਸਬ-ਹੁਨਰ ਜਾਂ ਸੁਹਜ-ਸਵਾਦ ਦੇ ਤੌਰ 'ਤੇ ਕੋਈ ਮਹੱਤਵ ਨਹੀਂ ਰਹਿ ਜਾਂਦਾ। ਉਸ ਵਾਸਤੇ ਮਹੱਤਵਸ਼ਾਲੀ ਹਨ : (1) ਚੀਕਾਂ ਕੂਕਾਂ ਫਰਿਆਦਾਂ (2) ਦੁਧੀਆਂ ਨਾਲ ਪਲਮਦੇ ਬੱਚੇ (3) ਕੰਮੀ ਰੁਝੀਆਂ ਮਾਵਾਂ (4) ਅੱਖਾਂ ਵਿਚ ਛਲਕਦੇ ਅਥਰੂ (5) ਹਿੱਕ ਵਿਚ ਆਹਾਂ (6) ਬੋਕਿਆਂ ਵਰਗੇ ਪੇਟ (7) ਤੁਕਿਆਂ ਵਰਗੇ ਗਾਟੇ (8) ਛਾਲੇ ਛਾਲੇ ਹੱਥ (9) ਬਿਆਈਆਂ ਪਾਟੇ ਪੈਰ (10) ਮਾਸੂਮਾਂ ਦੇ ਪਿੰਡਿਆਂ ਤੇ ਸਲਾਟਾਂ

ਇਸ ਬਿਆਨ ਦੀ ਤੁਲਨਾ ਜਦੋਂ ਅਸੀਂ ਪਹਿਲੇ ਦਸਾਂ ਬੰਦਾਂ ਦੇ ਬਿਆਨ ਨਾਲ ਕਰਦੇ ਹਾਂ ਤਾਂ ਕਈ ਨੁਕਤੇ ਪੈਦਾ ਹੁੰਦੇ ਹਨ :

ਕਵੀ ਵਰਤਮਾਨ ਵਿਚ ਤਾਜ ਮਹਲ ਦੇ ਹੁਨਰ ਨੂੰ ਇੰਦ੍ਰਿਆਵੀ ਪੱਧਰ 'ਤੇ ਗ੍ਰਹਿਣ ਕਰਦਾ ਹੈ। ਇਸ ਇੰਦ੍ਰਿਆਵੀ ਬਿੰਬ ਦੀ ਸਿਰਜਣਾ ਲਈ ਕਵੀ ਆਪਣੀ ਮਨੋਸਥਿਤੀ ਇਮਾਰਤ ਉਪਰ ਆਰੋਪਿਤ ਕਰਦਾ ਹੈ। ਪਰ, ਜਦੋਂ ਉਹ ਇਸ ਇਮਾਰਤ ਦੇ ਜਨਮ ਤੇ ਸਿਰਜਣਾ-ਪ੍ਰਕਿਰਿਆ ਵਲ ਪਰਤਦਾ ਹੈ ਤਾਂ ਇਸ ਹੁਨਰ ਨੂੰ ਰੱਦ ਕਰ ਦਿੰਦਾ ਹੈ। ਹੁਣ ਇੰਦ੍ਰਿਆਵੀ ਬਿੰਬ ਦੀ ਥਾਂ ਕਵੀ ਉਸ ਸਿਰਜਣ-ਪ੍ਰਕਿਰਿਆ ਦਾ ਕਰੁਣਾ-ਬਿੰਬ ਪੇਸ਼ ਕਰਦਾ ਹੈ। ਜਿਵੇਂ ਜਿਵੇਂ ਉਹ ਕਰੁਣਾ-ਬਿੰਬ ਵਧੇਰੇ ਸੰਘਣਾ ਹੁੰਦਾ ਹੈ; ਇਕ ਪ੍ਰਸ਼ਨ ਦਾ ਸੁਰ ਵਧੇਰੇ ਤੀਬਰ ਹੁੰਦਾ ਜਾਂਦਾ ਹੈ; ਕਸਬ-ਹੁਨਰ ਦੇ ਵਰਤਮਾਨ-ਦ੍ਰਿਸ਼ ਵਿਚ ਉਸ ਦੇ ਰਚਨਾ-ਨਿਯਮ ਜਾਂ ਰਚਨਾ-ਸਥਿਤੀਆਂ ਕਿੰਨੀਆਂ ਕੁ ਸਜਿੰਦ ਰਹਿੰਦੀਆਂ ਹਨ ? ਮੋਹਨ ਸਿੰਘ ਨੇ ਇਸ ਸਿਧਾਂਤਕ-ਚੇਤਨਾ ਨੂੰ ਕਿੰਨੇ ਕੁ ਅਮਕਾਨਕੀ ਤੇ ਚੇਤੰਨ ਰੂਪ ਵਿਚ ਸਮਝਿਆ ਹੈ—ਇਹ ਨਿਰਣਾ ਕਰਨ ਤੋਂ ਪਹਿਲਾਂ ਇਸੇ ਸੰਬੰਧੀ ਮਾਰਕਸਵਾਦੀ ਦ੍ਰਿਸ਼ਟੀ ਤੋਂ ਸਹਾਇਤਾ ਲੈਣੀ ਉਚਿਤ ਪ੍ਰਤੀਤ ਹੁੰਦੀ ਹੈ : "Artistic creativity is subordinate to the general laws of social develop-



ment but, being a special form of consciousness it has its own distinctive features and specific patterns. One of arts' distinctive features is its relative independence as it develops. The fact that works of art are connected historically with particular social structures does not mean that they lose their significance when these social structures disappear."*

ਮੋਹਨ ਸਿੰਘ ਵਰਤਮਾਨ-ਬਿੰਦੂ ਤੋਂ ਪਰਤ ਕੇ ਜਦੋਂ ਮੁਗਲ-ਕਲਾ ਨੂੰ ਇਉਂ ਰੱਦ ਕਰਦਾ ਹੈ ਤਾਂ ਵੀ ਕਵੀ ਇਸ ਗੱਲ ਬਾਰੇ ਸੁਚੇਤ ਨਹੀਂ ਕਿ ਮੁਗਲ-ਸਮਾਜਕ-ਪ੍ਰਬੰਧ ਦਾ ਕਾਲ ਤਾਂ ਕਦੋਂ ਦਾ ਖਤਮ ਹ ਚੁੱਕਾ ਹੈ। ਹੁਣ ਤਾਜ-ਮਹੱਲ ਸਾਡੇ ਲਈ ਕਲਾ ਦਾ ਇਕ ਨਮੂਨਾ ਹੈ ਤੇ ਉਸ ਦਾ ਪੈਟਰਨ, ਸਿਰਜਣ-ਵਿਧੀ ਉਸ ਅੰਦਰੋਂ ਇਕ ਫੈਂਤਸੀ ਨੂੰ ਜਗਾਉਂਦੀਆਂ ਹਨ। ਉਂਝ ਵੀ ਤਾਜਮਹਲ ਦੀ ਸਿਰਜਣਾ ਉਨ੍ਹਾਂ ਲੋਕਾਂ ਨੇ ਕੀਤੀ ਹੈ, ਜਿਨ੍ਹਾਂ ਦੇ ਪਿੰਡਿਆਂ 'ਤੇ ਲਾਸਾਂ ਪੈ ਰਹੀਆਂ ਸਨ, ਜਿਨ੍ਹਾਂ ਦੇ ਹੱਥ ਛਾਲੇ ਛਾਲੇ ਸਨ। ਉਸ ਮਜ਼ਦੂਰ ਵਰਗ ਦੇ ਹੱਥਾਂ ਦੀ ਬਣਾਈ ਸਿਰਜਣਾ ਨੂੰ ਕਵੀ ਕਿਸ ਦ੍ਰਿਸ਼ਟੀ ਨਾਲ ਰੱਦ ਕਰ ਰਿਹਾ ਹੈ ? ਇਮਾਰਤ ਸ਼ਾਹ ਜਹਾਨ ਦੇ ਹੱਥਾਂ ਨੇ ਨਹੀਂ ਬਣਾਈ। ਇਹ ਉਸ ਦਾ ਸੁਪਨਾ ਸੀ, ਜਿਸ ਨੂੰ ਵਾਸਤਵਿਕ ਰੂਪ ਮਜ਼ਦੂਰ ਵਰਗ ਨੇ ਦਿਤਾ। ਇਉਂ ਕਵਿਤਾ ਅੰਤ ਵਿਚ ਤਾਜ ਮਹੱਲ ਦੇ ਸਿਰਜਤ ਰੂਪ ਵਲ ਰੁਚਿਤ ਨਹੀਂ ਰਹਿੰਦੀ। ਸਾਮੰਤੀ ਆਰਥਕ ਪ੍ਰਬੰਧ, ਜਮਾਤੀ-ਵੰਡ ਜਾਂ ਸੋਸ਼ਨ ਵਲ ਰੁਚਿਤ ਹੋ ਜਾਂਦੀ ਹੈ, ਜੋ ਇਕ ਵਖਰਾ ਪ੍ਰਸ਼ਨ ਹੈ। ਇਉਂ ਮੋਹਨ ਸਿੰਘ ਦੋ ਸਮਸਿਆਵਾਂ ਨੂੰ ਇਕ ਵਿਰੋਧ (contradiction) ਦੇ ਤੌਰ 'ਤੇ ਪੇਸ਼ ਕਰਨਾ ਚਾਹੁੰਦਾ ਹੈ, ਪਰ ਜਿਸ ਸਿਧਾਂਤਕ ਅਗਿਆਨ ਦਾ ਉਹ ਸ਼ਿਕਾਰ ਹੁੰਦਾ ਹੈ, ਉਸ ਸਦਕਾ ਇਸ ਕਵਿਤਾ ਦਾ ਦੂਜਾ ਹਿੱਸਾ ਮਹਿਜ਼ ਮਕਾਨਕੀ ਤੌਰ 'ਤੇ ਹੀ ਪਹਿਲੇ ਹਿੱਸੇ ਨਾਲ ਸੰਬੰਧਿਤ ਨਜ਼ਰ ਆਉਂਦਾ ਹੈ। ਅੰਤ ਵਿਚ 'ਹੁਸਨ' (ਸੁਹਜ-ਸ਼ਾਸਤਰ) ਬਾਰੇ ਉਪਜਿਆ ਪ੍ਰਸ਼ਨ ਵੀ ਮਕਾਨਕੀ ਪ੍ਰਤੀਤ ਹੁੰਦਾ ਹੈ। ਸਹਿਜ ਰੂਪ ਵਿਚ ਕਵਿਤਾ ਦੇ ਸੰਗਠਨ ਦਾ ਹਿੱਸਾ ਨਹੀਂ ਬਣਦਾ। (ਇਸ ਸੁਹਜ-ਸ਼ਾਸਤਰੀ ਪ੍ਰਸ਼ਨ ਬਾਰੇ ਮਾਰਕਸਵਾਦੀ ਦ੍ਰਿਸ਼ਟੀ ਨੂੰ ਵੀ ਵਿਸਥਾਰ ਨਾਲ ਵਿਚਾਰਿਆ ਜਾ ਸਕਦਾ ਹੈ)।

ਫਿਰ ਵੀ ਜੇ ਕਵਿਤਾ ਨੂੰ ਪੂਰਣ ਇਕਾਈ ਵਜੋਂ ਜਾਂਚਿਆ ਜਾਵੇ ਤਾਂ ਪ੍ਰਤੀਤ ਹੁੰਦਾ ਹੈ ਕਿ ਕਵਿਤਾ ਖੰਡਿਤ ਹੋਣੀ ਉਦੋਂ ਸ਼ੁਰੂ ਹੋਈ ਜਦੋਂ ਕਵੀ ਨੇ ਜਾਗਣ ਦੀ ਅਵਸਥਾ ਵਿਚ ਪ੍ਰਵੇਸ਼ ਕੀਤਾ ਤੇ ਜਾਗ੍ਰਿਤੀ ਨੂੰ ਇਤਿਹਾਸ ਚੇਤਨਾ ਨਾਲ ਮਕਾਨਕੀ ਰੂਪ ਵਿਚ ਜੋੜਿਆ। ਜਦੋਂ ਤਕ ਉਹ ਸੌਣ ਦੀ ਅਚੇਤ ਅਵਸਥਾ ਵਿਚ ਸੀ, ਉਹ ਸੰਜੁਗਤ ਕਾਵਿ-ਸਿਰਜਣ ਦੀ ਅਵਸਥਾ ਵਿਚ ਸੀ। ਇਉਂ ਇਸ ਕਵਿਤਾ ਦੇ ਆਧਾਰ 'ਤੇ ਇਹ ਸਿੱਧ ਹੁੰਦਾ ਹੈ ਕਿ ਮੋਹਨ ਸਿੰਘ ਇਸ ਅਚੇਤ ਮਨੋਸਥਿਤੀ ਦਾ ਸ਼ਾਇਰ ਹੈ; ਉਹ ਜਦੋਂ ਇਸ ਤੋਂ ਬਾਹਰ ਆ ਕੇ ਸੁਚੇਤ ਵਿਧੀ ਤੇ ਚਿੰਤਨ ਨੂੰ ਧਾਰਨ ਕਰਨ ਦਾ ਜਤਨ ਕਰਦਾ ਹੈ, ਉਦੋਂ ਉਸ ਦੀ ਕਵਿਤਾ ਵਿਰੋਧਾਂ ਵਿਚ ਘਿਰਣੀ ਸ਼ੁਰੂ ਹੁੰਦੀ ਹੈ, ਜਾਂ ਖੰਡਿਤਾ ਦਾ ਸ਼ਿਕਾਰ ਹੁੰਦੀ ਹੈ।

* Marx, Engels; On Literature and Art (preface)

*** ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸ ਹਿਤ ਦੀ ਸਮਝ। ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ **340,** ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ; ਪੰਦਰਾਂ ਰੁਪੈ।

# ਇਤਿਹਾਸ ਤੇ ਵਿਅਕਤੀ ਦਾ ਰੋਲ

ਹਿੰਮਤ ਸਿੰਘ ਸੋਢੀ

ਪੂੰਜੀਵਾਦੀ ਯੁਗ ਵਿਚ ਜਿਥੇ ਉਦਯੋਗਕ ਸਭਿਅਤਾ ਨੇ ਬੰਦੇ ਨੂੰ ਇਕ ਨਿਰਜਿੰਦ ਜਿਹੀ ਚੀਜ਼ ਬਣਾ ਕੇ ਰਖ ਦਿਤਾ ਹੈ, ਉਥੇ ਦੂਜੇ ਪਾਸੇ ਵਿਅਕਤੀ ਦੇ ਮਹੱਤਵ, ਵਿਅਕਤੀ ਦੀ ਆਜ਼ਾਦੀ, ਅਤੇ ਵਿਅਕਤੀ ਦੀ ਅਥਾਹ ਸ਼ਕਤੀ ਜਾਂ ਉਸ ਦੇ ਰੋਲ ਬਾਰੇ ਬਹਿਸ ਤੇ ਖੋਜ ਨੂੰ ਵਧ ਤੋਂ ਵਧ ਫੋਕਸ ਵਿਚ ਵੀ ਲਿਆਂਦਾ ਹੈ। ਵਿਅਕਤੀਆਂ ਵਿਚੋਂ ਹੀ ਕੋਈ ਨਾ ਕੋਈ ਮਹਾਨ ਵਿਅਕਤੀ ਜਨ-ਸਾਧਾਰਨ ਦੀ ਸਤਹ ਤੋਂ ਉਪਰ ਉਠ ਕੇ ਇਤਿਹਾਸ ਵਿਚ ਵਿਸ਼ੇਸ਼ ਰੋਲ ਅਦਾ ਕਰਨ ਦਾ ਭਾਗੀ ਬਣਦਾ ਰਿਹਾ ਹੈ। ਅਜਿਹੇ ਵਿਅਕਤੀ ਵਿਸ਼ੇਸ਼ ਜਾਂ 'ਮਹਾਂ ਮਾਨਵ' ਬਾਰੇ ਤੇ ਇਤਿਹਾਸ ਵਿਚ ਉਸ ਦੀ ਭੂਮਿਕਾ ਬਾਰੇ ਚੁੰਝ-ਚਰਚਾ ਜਾਂ ਖੋਜ ਉਸ ਸਮੇਂ ਸ਼ੁਰੂ ਹੋਈ ਜਦ ਨਪੋਲੀਅਨ ਨੇ ਸਾਰੇ ਯੂਰਪ ਨੂੰ ਹਿਲਾ ਕੇ ਰਖ ਦਿਤਾ। ਚਿੰਤਕਾਂ ਲਈ ਸਵਾਲ ਇਹ ਪੈਦਾ ਹੋਇਆ ਕਿ ਇੰਗਲੈਂਡ ਦਾ ਕ੍ਰਾਮਵੈਲ, ਫਰਾਂਸ ਦਾ ਨਪੋਲੀਅਨ, ਜਰਮਨੀ ਦਾ ਬਿਸਮਾਰਕ ਜੋ ਯੂਰਪ ਦੇ ਇਹਨਾਂ ਦੇਸ਼ਾਂ ਵਿਚ ਪੂੰਜੀਵਾਦੀ ਯੁਗ ਦੇ ਪੇਸ਼ਰੌ ਹੋਏ ਹਨ, ਕਿਸੇ ਹੋਣੀ ਦੇ ਵਿਧਾਤਾ ਸਨ ਜਾਂ ਕੇਵਲ ਮੁਹਰੇ—ਅਰਥਾਤ, ਕਿ ਬੰਦੇ ਦੀ ਇਤਿਹਾਸ ਵਿਚ ਕੀ ਵਿਸ਼ੇਸ਼ਤਾ ਹੈ।

ਮਾਰਕਸ ਤੋਂ ਪਹਿਲਾਂ ਹੋਏ ਫਿਲਾਸਫਰਾਂ ਵਲੋਂ ਪਲਾਟੋ ਤੋਂ ਲੈ ਕੇ ਹੀਗਲ ਤਕ ਇਸ ਵਿਸ਼ੇ ਨਾਲ ਸੰਬੰਧਤ ਪ੍ਰਸ਼ਨਾਂ ਬਾਰੇ ਭਾਵੇਂ ਬਹੁਤ ਕੁਝ ਕਿਹਾ ਤੇ ਲਿਖਿਆ ਗਿਆ ਹੈ, ਪਰ ਫੇਰ ਵੀ ਇਸ ਸਿਲਸਿਲੇ ਵਿਚ ਹੀਗਲ ਦੇ ਇਸ ਕਥਨ ਦੀ ਸੱਚਾਈ ਨੂੰ ਆਮ ਤੌਰ 'ਤੇ ਸਾਰੇ ਮਾਰਕਸਵਾਦੀ ਵੀ ਮੰਨਦੇ ਹਨ :

"The great man of the age is the one who can put into words the will of his age, tell his age what its will is, and accomplish it. What he does is the heart and essence of his age; he actualizes his age." (E.H. Carr; What is History? 1964, p. 54).

ਮਾਰਕਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਨੇ ਹੀਗਲ ਦੇ ਵਿਚਾਰਾਂ ਦੀ ਗਿਰੀ ਨੂੰ ਅਰਥਾਤ ਉਸ ਦੀ ਡਾਇਲੈਕਟੀਕਲ ਵਿਧੀ ਨੂੰ ਹੀ ਅਪਣਾਇਆ ਅਤੇ ਉਸ ਦੇ ਆਦਰਸ਼ਵਾਦ ਨੂੰ ਤਿਆਗ ਦਿਤਾ। ਏਸੇ ਲਈ ਉਸ ਨੇ ਆਪਣੀ ਪੁਸਤਕ The Eighteenth Brumaire of Louis Bonaparte ਵਿਚ ਕਿਹਾ ਸੀ ਕਿ ਫਰਾਂਸ ਵਿਚ ਖ਼ਾਨਾਜੰਗੀ ਨੇ ਅਜਿਹੇ ਹਾਲਾਤ ਅਤੇ



ਸੰਬੰਧ ਪੈਦਾ ਕਰ ਦਿਤੇ ਕਿ ਇਕ ਨਿਖਿਧ ਤੇ ਨਿਕਚੂ ਜਿਹਾ ਬੰਦਾ ਹੀਰੋ ਦੇ ਲਿਬਾਸ ਵਿਚ ਭੁੜਕਣ ਲਗ ਪਿਆ। ਏਥੇ ਮਾਰਕਸ ਦਾ ਇਸ਼ਾਰਾ ਤੀਜੇ ਬੋਨਾਪਾਰਟ (1808-72) ਵਲ ਹੈ ਤੇ ਉਸ ਦਾ ਭਾਵ ਇਹ ਹੈ ਕਿ ਕਿਸੇ ਵਿਸ਼ੇਸ਼ ਸਥਿਤੀ ਵਿਚ ਪਦਾਰਥਕ ਹਾਲਤਾਂ ਕਿਸੇ ਮਨੁਖ ਨੂੰ ਕੁਝ ਦਾ ਕੁਝ ਬਣਾ ਦੇਂਦੀਆਂ ਹਨ। ਭਗਤ ਸਿੰਘ ਨੇ ਵੀ ਇਕ ਵੇਰ ਸੁਖਦੇਵ ਨੂੰ ਇਕ ਚਿੱਠੀ ਵਿਚ ਵਿਅਕਤੀ ਵਿਸ਼ੇਸ਼ ਦੇ ਰੋਲ ਦੀ ਵਿਆਖਿਆ ਕਰਦੇ ਹੋਏ ਲਿਖਿਆ ਸੀ ਕਿ ਦੇਸ਼ ਦੇ ਹਾਲਾਤ ਹੀ ਅਜਿਹੇ ਹਨ ਜਿਨ੍ਹਾਂ ਨੇ ਸਾਨੂੰ ਇਸ ਕੰਮ ਲਈ ਤਿਆਰ ਕੀਤਾ ਹੈ ਅਤੇ ਸਾਡਾ ਕਿਸੇ ਉਤੇ ਕੋਈ ਅਹਿਸਾਨ ਨਹੀਂ ਹੈ ਕਿ ਅਸੀਂ ਇਹ ਕੰਮ ਕਰ ਰਹੇ ਹਾਂ। ਏਥੋਂ ਤਕ ਕਿ ਮਾਰਕਸ ਜਾਂ ਲੈਨਿਨ ਵੀ ਆਪਣੇ ਹਾਲਾਤ ਦੀ ਉਪਜ ਹੀ ਸਨ ਅਤੇ ਆਪਣੇ ਕੰਮ ਨੂੰ ਉਹ ਇਤਿਹਾਸ ਜਾਂ ਮਨੁਖਤਾ ਉਤੇ ਕੀਤਾ ਅਹਿਸਾਨ ਨਹੀਂ ਸਮਝਦੇ ਸਨ। (ਬਿਪਨ ਚੰਦਰ : ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ)।

ਅਠਾਰ੍ਹਵੀਂ ਸਦੀ ਨੂੰ ਯੂਰਪ ਵਾਲੇ ਤਰਕ ਦਾ ਯੁਗ (Age of Reason) ਕਹਿੰਦੇ ਹਨ। ਉਸ ਸਦੀ ਵਿਚ ਹੋਏ ਪ੍ਰਸਿਧ ਇਨਕਲਾਬੀ ਦਾਰਸ਼ਨਿਕ ਟਾਮ ਪੇਨ (Tom Paine) ਦੀ ਏਸ ਨਾਮ ਦੀ ਪੁਸਤਕ (The Age of Reason) ਇਸ ਯੁਗ ਨੂੰ ਅਤੇ ਫਰਾਂਸ ਦੇ ਬੁਰਜੂਆ ਇਨਕਲਾਬ (1789) ਨੂੰ ਸਮਝਣ ਲਈ ਇਕ ਮਹੱਤਵਪੂਰਨ ਰਚਨਾ ਮੰਨੀ ਜਾਂਦੀ ਹੈ ਜਿਸ ਨੇ ਫਰਾਂਸੀਸੀ ਇਨਕਲਾਬ ਅਤੇ ਓਧਰ ਅਮਰੀਕਾ ਦੇ ਸੁਤੰਤਰਤਾ ਸੰਗ੍ਰਾਮ (1776) ਨੂੰ ਬੜਾ ਪ੍ਰਭਾਵਿਤ ਕੀਤਾ। ਟਾਮ ਪੇਨ ਤੋਂ ਬਾਅਦ ਹੀਗਲ ਨੇ ਤਰਕ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਪੇਸ਼ ਕੀਤਾ ਅਤੇ ਇਤਿਹਾਸ ਦੇ ਫਲਸਫੇ ਦੀ ਵਿਆਖਿਆ ਕਰਦੇ ਹੋਏ ਆਪਣੀਆਂ ਰਚਨਾਵਾਂ (Reason in History ਅਤੇ Philosophy of Religion) ਵਿਚ ਦਵੰਦਵਾਦੀ ਵਿਧੀ ਨੂੰ ਅਪਣਾਇਆ।

ਹੀਗਲ ਦਾ ਵਿਚਾਰ ਸੀ ਕਿ ਮਨੁਖ ਨੂੰ ਕਾਰਸਾਜ਼ ਬਣਾ ਕੇ ਵਿਸ਼ਵ ਵਿਵੇਕ (Universal Reason) ਇਤਿਹਾਸ ਨੂੰ ਪ੍ਰਭਾਵਿਤ ਕਰਦਾ ਹੈ। ਨਤੀਜਾ, ਇਕ ਵਿਚਾਰਵਾਨ ਅਨੁਸਾਰ, ਇਹ ਨਿਕਲਿਆ ਕਿ—

"The most rational and religious philosopher, Hegel unchained the most irrational and irreligious movements—Fascism and Communism. Often regarded as the most authoritarian, he inspired the most democratic : Walt Whitman and John Dewey. The philosopher who equated what is with what ought to be, he released the greatest dissatisfaction with what is; and thus, as the greatest conservative, unchained the greatest revolution. The form of his philosophy battled with its content, and the content with its form. They separated. Some thinkers accepted the content of his philosophy and opposed its form. They became conservatives and so-called "Hegelians of the Right." Other thinkers accepted the form of his philosophy and opposed its content. They became revolutionaries and "Hegelians of the Left". The two opposing factions met finally in the mortal embrace of Stalingrad." (Oskar Piest, General Editor, "Reason in History" by G.W.F. Hegel; The Liberal Arts Press, New York; p. XI.

ਉਪਰੋਕਤ ਪੁਸਤਕ ਦੀ ਭੂਮਿਕਾ ਵਿਚ ਸੰਪਾਦਕ ਨੇ ਹੋਰਨਾਂ ਵਿਦਵਾਨਾਂ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਦੂਜੇ ਵਿਸ਼ਵ ਯੁਧ (1939-45) ਵਿਚ ਰੂਸ ਤੇ ਜਰਮਨੀ ਦੀ ਜੰਗ ਨੂੰ ਕਿਸੇ ਹੱਦ ਤਕ ਹੀਗਲ ਦੀ ਵਿਚਾਰਧਾਰਾ ਦੀਆਂ ਖਬੇ ਪਖੀ ਤੇ ਸੱਜੇ ਪਖੀ ਸ਼ਾਖ਼ਾਵਾਂ ਵਿਚਾਲੇ ਯੁਧ ਦੇ ਤੌਰ 'ਤੇ ਅਨੁਮਾਨਿਆ ਜਾ ਸਕਦਾ ਹੈ (p. XI)। ਹੀਗਲ ਦਾ ਪ੍ਰਭਾਵ ਫਾਸ਼ੀਵਾਦ ਦੇ ਪੇਸ਼ਰੌ ਨੀਤਸ਼ੇ (Nietzsche), ਕਮਿਊਨਿਜ਼ਮ ਦੇ ਪੇਸ਼ਰੌ ਕਾਰਲ ਮਾਰਕਸ ਅਤੇ ਅਮਰੀਕੀ ਡੈਮੋਕ੍ਰੇਸੀ ਦੇ ਢਾਡੀ ਵਾਲਟ ਵਿਟਮੈਨ ਉਤੇ, ਤਿੰਨ ਵੱਖ ਵੱਖ, ਪ੍ਰਸਪਰ-ਵਿਰੋਧੀ ਦਿਸ਼ਾਵਾਂ ਵਿਚ ਹੋਇਆ। ਹੀਗਲ ਅਮਰੀਕਨ ਧਰਤੀ ਨੂੰ "ਭਵਿੱਖ ਦੀ ਧਰਤੀ" (the land of the future) ਕਹਿੰਦਾ ਸੀ। ਇਹੀ ਡੈਮੋਕ੍ਰੇਟਿਕ ਅਮਰੀਕਾ ਅਤੇ ਕਮਿਊਨਿਸਟ ਰੂਸ ਅੱਜ ਹੀਗਲ ਤੋਂ ਡੇਢ ਸੌ ਸਾਲ ਬਾਅਦ, ਆਪਣੀਆਂ ਸਟੇਟਾਂ ਦਾ ਰੂਪ ਬਦਲਾ ਕੇ, ਪਰਸਾਰਵਾਦੀ ਬਣ ਕੇ, ਟਕਰਾਉ ਦੀ ਨੀਤੀ ਤੋਂ ਬਚਣ ਦੀਆਂ ਜ਼ਬਾਨੀ ਗੱਲਾਂ ਕਰਦੇ ਹੋਏ, ਨਵਾਂ ਵਿਸ਼ਵ ਯੁਧ ਸ਼ੁਰੂ ਕਰਨ ਅਤੇ ਪਰੋਖ ਰੂਪ ਵਿਚ ਹੀਗੇਲੀਅਨ ਦਵੰਦਵਾਦ ਨੂੰ ਅਮਲੀ ਤੌਰ 'ਤੇ ਸਾਬਤ ਕਰਨ ਲਈ ਤਤਪਰ ਹਨ।

ਹੀਗਲ ਦੀ ਪੁਸਤਕ Reason in History ਦੇ ਅਮਰੀਕੀ ਸੰਪਾਦਕ ਨਾਲ ਅਸੀਂ ਪੂਰੀ ਤਰ੍ਹਾਂ ਸਹਿਮਤ ਨਾ ਵੀ ਹੋਈਏ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਹੀਗਲ (1770-1831) ਦੇ ਵਿਸ਼ਵ-ਵਿਵੇਕ (Universal Reason) ਵਾਲੇ ਵਿਚਾਰ ਦਾ ਵਿਕਾਸ ਉਸ ਦੀ ਆਪਣੀ ਵਿਰੋਧ ਵਿਕਾਸੀ (Dialectical) ਪ੍ਰਣਾਲੀ ਅਨੁਸਾਰ ਵਿਰੋਧੀ ਦਿਸ਼ਾਵਾਂ ਵਿਚ ਹੋਇਆ। ਉਸੇ ਵਿਚੋਂ ਜਰਮਨੀ ਦੇ ਇਕ ਫਿਲਾਸਫਰ ਨੀਤਸ਼ੇ ਨੇ ਮਹਾਂ ਮਾਨਵ (Super Man) ਦਾ ਸਿਧਾਂਤ ਘੜ ਕੇ ਫਾਸ਼ੀਵਾਦ ਦਾ ਰਾਹ ਸਾਫ਼ ਕੀਤਾ ਅਤੇ ਨੀਤਸ਼ੇ ਦੇ ਹੀ ਸਮਕਾਲੀ ਦੂਜੇ ਦਾਰਸ਼ਨਿਕ ਮਾਰਕਸ (1818-83) ਨੇ ਦਵੰਦਵਾਦ (ਡਾਇਲੈਕਟਿਕਸ) ਦੀ ਸਹਾਇਤਾ ਨਾਲ ਦਵੰਦਾਤਮਕ ਭੌਤਿਕਵਾਦ (ਵਿਰੋਧ-ਵਿਕਾਸੀ ਪਦਾਰਥਵਾਦ) ਦਾ ਸਿਧਾਂਤ ਘੜਿਆ ਜੋ ਕਮਿਊਨਿਜ਼ਮ ਦਾ ਆਧਾਰ ਬਣਿਆ।

ਹੀਗਲ ਦੇ ਵਿਸ਼ਵ ਵਿਵੇਕ ਵਾਲੇ ਪਰ-ਭੌਤਿਕ (Metaphysical) ਵਿਚਾਰ ਦਾ ਵਿਕਾਸ ਜਿਵੇਂ ਵੱਖ ਵੱਖ ਦਿਸ਼ਾਵਾਂ ਵਿਚ ਹੋਇਆ, ਉਸ ਦੀ ਰੌਸ਼ਨੀ ਵਿਚ ਭਾਈ ਗੁਰਦਾਸ ਦੀ ਇਕ ਪਉੜੀ ਦੀ ਉਦਾਹਰਨ ਅਸੰਗਤ ਜਾਂ ਦਿਲਚਸਪੀ ਤੋਂ ਸਖਣੀ ਨਹੀਂ ਹੋਵੇਗੀ :

ਸਮਸਰ ਵਰਸੈ ਸ੍ਵਾਂਤ ਬੂੰਦ, ਜਿਉਂ ਸਭਨੀ ਥਾਈਂ।
ਜਲ ਅੰਦਰ ਜਲ ਹੋਇ ਮਿਲੈ, ਧਰਤੀ ਬਹੁ ਭਾਈ।
ਕਿਰਖ ਬਿਰਖ ਰਸ ਕਸ ਘਣੈ, ਫਲ ਫੁਲ ਸੁਹਾਈ।
ਕੇਲੇ ਵਿੱਚ ਕਪੂਰ ਹੋਇ, ਸੀਤਲ ਸੁਖਦਾਈ।
ਮੋਤੀ ਹੋਵੈ ਸਿੱਪ ਮਹਿ, ਬਹੁ ਮੋਲ ਮੁਲਾਈ।
ਬਿਸਿਅਰ ਦੇ ਮੁਹਿ ਕਾਲ ਕੂਟ ਚਿਤਵੇ ਬੁਰਿਆਈ।
ਆਪੇ ਆਪ ਵਰਤਦਾ ਸਤਿਸੰਗ ਸੁਭਾਈ। (ਭਾਈ ਗੁਰਦਾਸ, ਵਾਰ 2—5)

ਸਵਾਂਤ ਬੂੰਦ ਤਾਂ ਇਕ ਹੀ ਹੈ, ਪਰ ਧਰਤੀ ਉਤੇ ਵਿਆਪਕ ਵੱਖ ਵੱਖ ਪਦਾਰਥਕ ਹਾਲਤਾਂ (Material Conditions) ਦੇ ਸੰਪਰਕ ਵਿਚ ਆਉਣ ਨਾਲ ਇਹਨਾਂ ਬੂੰਦਾਂ ਦਾ ਰੋਲ ਜਾਂ ਮੁਕੱਦਰ ਵੱਖ ਵੱਖ ਹੋ ਨਿਬੜਦਾ ਹੈ। ਹਰੇਕ ਬੂੰਦ ਦਾ ਆਪਣਾ ਆਪਣਾ ਭਾਗ, ਆਪਣਾ ਆਪਣਾ ਮੁਕੱਦਰ, ਆਪਣੀ ਆਪਣੀ ਹੋਣੀ, ਜਾਂ (ਅਜੋਕੀ ਭਾਸ਼ਾ ਵਿਚ) ਆਪਣਾ ਆਪਣਾ 'ਰੋਲ' ਹੁੰਦਾ ਹੈ। ਹਾਂ, 'ਰੋਲ' ਵਿਚ ਅਸੀਂ ਦਾਖਲੀ ਸ਼ਕਤੀ (subjective force) ਨੂੰ ਵੀ ਸ਼ਾਮਲ ਕਰ ਲੈਂਦੇ ਹਾਂ।



ਪਰ ਮਾਰਕਸ ਦਾ ਕਦੇ ਵੀ ਇਹ ਵਿਚਾਰ ਨਹੀਂ ਸੀ ਕਿ ਮਨੁਖ ਸਵੈ-ਨਿਸ਼ਠ (subjective) ਹੋ ਕੇ ਇਤਿਹਾਸ ਦਾ ਨਿਰਮਾਤਾ ਬਣਦਾ ਹੈ, ਕਿਉਂਕਿ ਇਹ ਪੁਜ਼ੀਸ਼ਨ ਤਾਂ ਮੁੜ 'ਵਿਚਾਰ' ਦੀ ਸਰਦਾਰੀ ਅਤੇ ਪਰ-ਭੌਤਿਕਵਾਦ (Metaphysics) ਨਾਲ ਜਾ ਮਿਲਦੀ ਹੈ : "For Marx as for Hegel, history is an impersonal process. The historical person is for him, as for Hegel, only the exponent of historical forces : he does not 'make' history, he executes it." (ਉਪਰੋਕਤ, ਪੰਨਾ XX)

ਇਹ ਪੁਜ਼ੀਸ਼ਨ ਮੁੜ ਗੁਰਬਾਣੀ ਦੀ ਇਸ ਤੁਕ ਨਾਲ ਜਾ ਮਿਲਦੀ ਹੈ : "ਸਭਨੀ ਛਾਲਾਂ ਮਾਰੀਆਂ ਕਰਤਾ ਕਰੇ ਸੁ ਹੋਇ"—ਏਥੇ ਛਾਲਾਂ ਮਾਰਨ ਵਾਲੇ ਇਤਿਹਾਸਕ ਸ਼ਕਤੀਆਂ ਦੇ exponents ਹਨ ਅਤੇ ਹੋਣਾ ਉਹੀ ਹੈ ਜੋ ਪਦਾਰਥਕ ਹਾਲਤਾਂ (ਦੇ 'ਖ਼ੁਦਾ') ਨੂੰ ਮਨਜ਼ੂਰ ਹੋਵੇਗਾ।

ਸਾਡੇ ਏਥੇ ਵੀਹਵੀਂ ਸਦੀ ਵਿਚ ਸ਼ੁਰੂ ਹੋਈ ਕੌਮੀ ਲਹਿਰ ਵਿਚ ਵੀ ਕਈਆਂ ਨੇ ਛਾਲਾਂ ਮਾਰੀਆਂ—ਲਾਜਪਤ ਰਾਏ, ਤਿਲਕ, ਗੋਖਲੇ, ਗਾਂਧੀ, ਜਿੰਨਾਹ, ਮੋਤੀ ਲਾਲ, ਜਵਾਹਰ ਲਾਲ, ਸੁਭਾਸ਼, ਆਜ਼ਾਦ ਆਦਿ, ਸਭ ਉਠ ਰਹੀ ਬੁਰਜੁਆਜ਼ੀ ਦੇ ਰਾਜਨੀਤਕ ਬੁਲਾਰੇ ਸਨ—ਪਰ ਨੰਗਾ ਪਹਿਲਾਂ ਤਿਲਕ ਉਤੇ, ਫੇਰ ਗਾਂਧੀ ਉਤੇ ਤੇ ਉਸ ਪਿਛੋਂ ਨਹਿਰੂ ਉਤੇ ਪਿਆ। ਓਧਰ ਮੁਸਲਮ ਬੁਰਜੁਆਜ਼ੀ ਨੇ ਜਿੰਨਾਹ ਨੂੰ ਨਿਵਾਜਿਆ, ਜਾਂ ਇਉਂ ਕਹਿ ਲਉ ਕਿ ਜਿੰਨਾਹ ਨੇ ਉਠ ਰਹੀ ਮੁਸਲਮ ਸਰਮਾਏਦਾਰੀ ਦੀ ਸਫਲ ਵਕਾਲਤ ਕੀਤੀ। ਖੱਬੇ ਪੱਖੀ ਸ਼ਕਤੀਆਂ ਵਿਚੋਂ ਦਹਿਸ਼ਤ-ਪਸੰਦਾਂ, ਗ਼ਦਰੀ ਬਾਬਿਆਂ, ਕਿਰਤੀ ਲਹਿਰ ਦੇ ਸੂਰਮਿਆਂ, ਨੌਜਵਾਨ ਭਾਰਤ ਸਭਾ ਅਤੇ ਕਮਿਊਨਿਸਟ ਗਰੁਪਾਂ ਨੇ ਆਪਣੀ ਆਪਣੀ ਥਾਂ ਹੱਥ ਪੈਰ ਮਾਰੇ। ਇਹਨਾਂ ਵਿਚੋਂ ਚੰਦਰ ਸ਼ੇਖਰ, ਬਿਸਮਲ, ਸਰਾਭਾ, ਢੀਂਗਰਾ, ਊਧਮ ਸਿੰਘ, ਦੱਤ, ਭਗਤ ਸਿੰਘ, ਲਾਲਾ ਹਰਦਿਆਲ ਆਦਿ ਨਾਮ ਬੜੇ ਪ੍ਰਸਿਧ ਹਨ। ਪਰ ਸ਼ਹੀਦਾਂ ਦਾ ਸਰਤਾਜ ਭਗਤ ਸਿੰਘ ਨੂੰ ਹੀ ਕਿਹਾ ਜਾਂਦਾ ਹੈ। ਇਕ ਪਾਸੇ ਗਾਂਧੀ, ਦੂਜੇ ਪਾਸੇ ਜਿੰਨਾਹ ਤੇ ਤੀਜੇ ਪਾਸੇ ਭਗਤ ਸਿੰਘ ਨੂੰ ਵਡਿਆਉਣ ਜਾਂ ਖਾਹ-ਮਖਾਹ ਉੱਚਾ ਚੁਕਣ ਵਿਚ ਕਿਸੇ ਇਤਿਹਾਸਕਾਰ, ਜੀਵਨੀਕਾਰ ਜਾਂ ਪਤਰਕਾਰ ਦਾ ਕੋਈ ਹੱਥ ਨਹੀਂ ਹੋ ਸਕਦਾ। ਵੀਹਵੀਂ ਸਦੀ ਦੇ ਭਾਰਤ ਦੀਆਂ ਰਾਜਸੀ ਸਮਾਜਕ ਪਦਾਰਥਕ ਹਾਲਤਾਂ ਦੇ ਪ੍ਰਸੰਗ ਵਿਚ ਹੀ ਇਹ ਨਾਂ ਉਭਰ ਕੇ ਸਾਹਮਣੇ ਆਉਂਦੇ ਹਨ। ਪਰ ਇਸ ਦੇ ਉਲਟ ਪ੍ਰੋਫੈਸਰ ਸੰਤ ਸਿੰਘ ਸੇਖੋਂ ਆਪਣਾ ਮਤ ਇਸ ਤਰ੍ਹਾਂ ਪ੍ਰਗਟ ਕਰਦੇ ਹਨ : ਇਤਿਹਾਸਕਾਰਾਂ ਅਤੇ ਜੀਵਨੀਕਾਰਾਂ ਨੇ ਭਗਤ ਸਿੰਘ ਨੂੰ ਲੋੜ ਤੋਂ ਵੱਧ ਵਡਿਆਇਆ ਹੈ, ਜਦ ਕਿ ਉਹ ਕਿਸੇ ਵਿਸ਼ੇਸ਼ ਨਿਯਮਬਧ ਘੋਲ ਦਾ ਸੰਚਾਲਕ ਨਹੀਂ ਸੀ ਅਤੇ ਉਸ ਦੀ ਕਾਰਵਾਈ ਵਧ ਤੋਂ ਵਧ ਇਕ ਵਿਅਕਤੀ ਦਾ ਦਲੇਰੀ ਪੂਰਨ ਕਰਤਬ ਹੀ ਸੀ ਜਿਸ ਨਾਲ ਨਾ ਹੀ ਕਿਸੇ ਰਾਜਸੀ ਲਹਿਰ ਨੂੰ ਅਤੇ ਨਾ ਹੀ ਕਿਸੇ ਰਾਜਸੀ ਵਿਚਾਰ ਨੂੰ ਬਲ ਮਿਲਿਆ" (ਸੇਧ, ਮਈ, ਪੰਨਾ 21)।

ਇਹ ਤਾਂ ਠੀਕ ਹੈ ਕਿ ਭਗਤ ਸਿੰਘ ਕਿਸੇ ਵਡੇ ਘੋਲ ਦਾ ਸੰਚਾਲਕ ਨਹੀਂ ਸੀ, ਉਮਰ ਨੇ ਉਸ ਦਾ ਸਾਥ ਨਹੀਂ ਦਿਤਾ ਕਿ ਉਹ ਕਿਸੇ ਵਡੇ ਘੋਲ ਦਾ ਸੰਚਾਲਕ ਬਣਦਾ। ਪਰ ਭਗਤ ਸਿੰਘ ਵਿਚ ਉਹ ਸਾਰੇ ਗੁਣ ਸਨ ਜੋ ਉਸ ਨੂੰ ਕਿਸੇ ਵਡੇ ਘੋਲ ਜਾਂ ਦਲ ਦਾ ਸੰਚਾਲਕ ਬਣਾ ਸਕਦੇ ਸਨ, ਬਸ਼ਰਤੇ-ਕਿ ਉਹ ਇਸ ਛੋਟੀ ਉਮਰੇ ਹੀ ਤੁਰਦਾ ਨਾ ਹੁੰਦਾ, ਅਤੇ ਇਸ ਦਾ ਪਤਾ ਉਸ ਦੀਆਂ ਆਪਣੀਆਂ ਲਿਖਤਾਂ ਅਤੇ ਉਸ ਦੇ ਸਾਥੀਆਂ ਦੀਆਂ ਉਸ ਬਾਰੇ ਲਿਖਤਾਂ ਤੋਂ ਲਗਦਾ ਹੈ। ਫੇਰ ਸੇਖੋਂ ਸਾਹਿਬ ਦਾ ਇਹ ਕਹਿਣਾ ਕਿ ਉਸ ਦੀ ਦਲੇਰੀ-ਪੂਰਨ ਕਾਰਵਾਈ ਨਾਲ ਕਿਸੇ ਰਾਜਸੀ ਲਹਿਰ ਨੂੰ ਅਤੇ ਕਿਸੇ ਰਾਜਸੀ ਵਿਚਾਰ ਨੂੰ ਬਲ ਨਹੀਂ ਮਿਲਿਆ, ਬਿਲਕੁਲ ਹੀ ਗ਼ਲਤ ਹੈ। ਭਗਤ ਸਿੰਘ ਦੀ ਦਲੇਰੀ ਪੂਰਨ

ਕਾਰਵਾਈ ਦੀ ਚਰਚਾ ਅਤੇ ਪ੍ਰਸੰਸਾ ਦੇਸ਼ ਵਿਚ ਇਤਨੀ ਸੀ, ਜੋ ਸੇਖੋਂ ਸਾਹਿਬ ਨੇ ਆਪ ਵੀ ਦੇਖੀ ਤੇ ਸੁਣੀ ਹੋਵੇਗੀ, ਕਿ ਕੌਮੀ (ਸਰਮਾਏਦਾਰ) ਲੀਡਰਸ਼ਿਪ ਨੂੰ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਨੀਤੀ ਨਾਲ ਵਿਰੋਧ ਹੁੰਦੇ ਹੋਏ ਵੀ ਉਹਨਾਂ (ਭਗਤ ਸਿੰਘ ਤੇ ਸਾਥੀਆਂ) ਦੀ ਕੁਰਬਾਨੀ ਤੇ ਵਿਰਸੇ ਨੂੰ (ਭਾਵੇਂ ਦਿਖਾਵੇ ਮਾਤਰ ਹੀ) ਅਪਨਾਉਣ ਲਈ ਮਜਬੂਰ ਹੋਣਾ ਪਿਆ। ਇਸ ਨਾਲ ਇਸ ਕੌਮੀ ਲਹਿਰ ਤੇ ਇਸ ਦੀ ਲੀਡਰਸ਼ਿਪ ਨੇ ਵੀ ਭੱਲ ਖਟੀ ਅਤੇ ਇਸ ਲਹਿਰ ਦੇ ਅੰਦਰ ਤੇ ਬਾਹਰ ਵੀ ਖੱਬੇ ਪੱਖੀ ਤੱਤਾਂ ਨੂੰ ਸੰਗਠਤ ਹੋਣ ਦਾ ਉਤਸ਼ਾਹ ਤੇ ਮੌਕਾ ਮਿਲਿਆ। ਖੱਬੇ ਪੱਖੀ ਨੌਜਵਾਨਾਂ ਅਤੇ 'ਗਰਮ ਵਿਚਾਰਾਂ' ਵਾਲੇ ਲੋਕਾਂ ਨੂੰ ਕਮਿਊਨਿਸਟਾਂ ਵੱਲ ਜਾਣ ਤੋਂ ਰੋਕਣ ਲਈ ਕਾਂਗਰਸ ਲੀਡਰਸ਼ਿਪ ਨੂੰ 'ਕਾਂਗਰਸ-ਸੋਸ਼ਲਿਸਟ ਪਾਰਟੀ' ਬਨਾਉਣੀ ਪਈ, ਜੋ ਕਾਂਗਰਸ ਦੀ ਹੀ ਇਕ ਫਰੰਟ ਸੰਸਥਾ ਸੀ ਜਿਸ ਦੇ ਨੇਤਾ ਸਾਥੀ ਜੈ ਪ੍ਰਕਾਸ਼ ਨਾਰਾਇਣ ਜਿਹੇ 'ਸਮਾਜਵਾਦੀ' ਅਤੇ ਸੰਪਰਕ ਨੇਤਾ ਜਵਾਹਰ ਲਾਲ ਨਹਿਰੂ ਜਿਹੇ ਬੰਦੇ ਸਨ। ਭਗਤ ਸਿੰਘ, ਚੰਦਰ ਸ਼ੇਖਰ ਅਤੇ ਉਹਨਾਂ ਦੇ ਸਾਥੀਆਂ ਦੀ ਇਕਦਮ ਅਜਿਹੀ ਵੀਰ ਪੂਜਾ ਸ਼ੁਰੂ ਹੋ ਗਈ ਕਿ ਭੈ ਭੀਤ ਹੋਈ ਲੀਡਰਸ਼ਿਪ ਆਪ ਇਸ ਵੀਰ ਪੂਜਾ ਵਿਚ ਸ਼ਾਮਲ ਹੋ ਗਈ ਅਤੇ ਉਸ ਨੂੰ ਮੁੜ ਮੁੜ ਇਹ ਕਹਿਣਾ ਪਿਆ ਕਿ ਅੰਗ੍ਰੇਜ਼ ਸਰਕਾਰ ਨਾਲ ਕਿਸੇ ਸਮਝੌਤੇ ਦੀ ਜਦ ਵੀ ਕੋਈ ਗੱਲ ਤੁਰੇਗੀ ਤਾਂ ਸਾਡੇ ਤੇ ਉਸ ਵਿਚਾਲੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀ ਲਾਸ਼ ਪਈ ਹੋਵੇਗੀ।

ਗ਼ਦਰ ਪਾਰਟੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਅਤੇ ਵੱਖ ਵੱਖ ਇਨਕਲਾਬੀ ਦਹਿਸ਼ਤ-ਪਸੰਦ ਤੇ ਕਮਿਊਨਿਸਟ ਗਰੁਪ—ਸਭ ਨੇ ਦੇਸ਼ ਦੀ ਕਮਿਊਨਿਸਟ ਲਹਿਰ ਨੂੰ ਸੰਗਠਤ ਕਰਨ ਵਿਚ ਹਿੱਸਾ ਪਾਇਆ ਹੈ। ਜਿਸ ਸੰਗਠਨ ਸ਼ਕਤੀ, ਦਲੇਰੀ ਅਤੇ ਸਿਧਾਂਤਕ ਸੋਚ ਦਾ ਮਾਲਕ ਭਗਤ ਸਿੰਘ ਸੀ, ਜਿਸ ਦੇ ਗਵਾਹ ਉਸ ਦੇ ਸਾਥੀ ਅਤੇ ਉਸ ਦੀਆਂ ਲਿਖਤਾਂ ਹਨ, ਉਸ ਵਿਚ ਇਕ ਮਹਾਨ ਇਨਕਲਾਬੀ ਆਗੂ ਬਣਨ ਦੀਆਂ ਸੰਭਾਵਨਾਵਾਂ ਸਨ। ਜਿਨ੍ਹਾਂ ਦਿਨਾਂ ਵਿਚ ਏਧਰ ਉਹ ਸ਼ਹੀਦ ਹੋਇਆ, ਓਧਰ ਚੀਨ ਵਿਚ ਮਾਓ-ਜ਼ੇ-ਤੁੰਗ ਦੀ ਅਗਵਾਈ ਕਮਿਊਨਿਸਟ ਪਾਰਟੀ ਵਿਚ ਸਥਾਪਤ ਹੋ ਰਹੀ ਸੀ। ਜੇ ਉਹ ਜੀਵਤ ਰਹਿੰਦਾ, ਕੀ ਮਾਓ-ਜ਼ੇ-ਤੁੰਗ ਵਾਂਗ ਹੀ ਉਹ ਦੇਸ਼ ਵਿਚ ਇਨਕਲਾਬ ਦੀ ਅਗਵਾਈ ਕਰਦਾ, ਇਹ ਇਕ ਅਜਿਹਾ ਪ੍ਰਸ਼ਨ ਹੈ ਜਿਸ ਦਾ ਜਵਾਬ ਇਹੀ ਦਿਤਾ ਜਾ ਸਕਦਾ ਹੈ ਕਿ ਸਾਡੇ ਦੇਸ਼ ਦੀਆਂ ਪਦਾਰਥਕ ਹਾਲਤਾਂ ਅਜਿਹੀਆਂ ਹੁੰਦੀਆਂ, ਤਾਂ ਜ਼ਰੂਰ ਹੀ ਕੋਈ ਹੋਰ ਭਗਤ ਸਿੰਘ ਵੀ ਪੈਦਾ ਹੋ ਜਾਣਾ ਸੀ। ਪਰ—ਯੇਹ ਨਾ ਥੀ ਹਮਾਰੀ ਕਿਸਮਤ ਕਿ ਵਿਸਾਲੇ ਯਾਰ ਹੋਤਾ. ਅਗਰ ਔਰ ਜੀਤੇ ਰਹਿਤੇ, ਯਹੀ ਇੰਤਜ਼ਾਰ ਹੋਤਾ।

**ਉਪ ਸੰਹਾਰ** : ਦੂਜੇ ਪਾਸੇ ਇਹ ਵਿਚਾਰ ਵੀ ਬੜਾ ਭਾਰੂ ਪਰਤੀਤ ਹੁੰਦਾ ਹੈ ਕਿ ਦੇਸ਼ ਵਿਚ ਪਦਾਰਥਕ ਹਾਲਤਾਂ ਤਾਂ ਸਾਜ਼ਗਾਰ ਹਨ, ਪਰ ਦਾਖਲੀ ਸ਼ਕਤੀਆਂ (subjective forces) ਦਾ, ਸੰਗਠਨ ਦਾ, ਸੰਗਠਨ ਕਰਨ ਵਾਲਿਆਂ ਦਾ ਬੁਰਾ ਹਾਲ ਹੈ। ਸਾਰੇ ਮਾਰਕਸਵਾਦੀ ਸੰਗਠਨ ਕਮਲੀਆਂ ਰੰਨਾਂ ਵਾਂਗ ਇਕ ਦੂਜੇ ਨੂੰ ਛਿਬੀਆਂ ਦੇ ਰਹੇ ਹਨ—ਅਤੇ ਕਾਡਰ ਔਂਤਰਿਆਂ-ਨਖੱਤਰਿਆ ਵਾਂਗ ਲਾਵਾਰਸ ਤੁਰਿਆ ਫਿਰਦਾ ਹੈ। ਤਿੰਨੇ ਸਰਕਾਰੀ, ਨੀਮ-ਸਰਕਾਰੀ ਜਿਹੀਆਂ ਪਾਰਟੀਆਂ ਦੇ ਨੇਤਾ ਅਫਗਾਨਿਸਤਾਨ ਵਰਗੇ ਕਿਸੇ 'ਦਰਬਾਰੀ ਇਨਕਲਾਬ' (Palace Revolution) ਦੀ ਉਡੀਕ ਵਿਚ ਬੈਠੇ ਬੈਠੇ ਬੁਢੇ ਹੋ ਰਹੇ ਹਨ, ਜਾਂ ਚੋਣਾਂ ਦੇ ਸਮੇਂ ਕਿਸੇ ਨਾ ਕਿਸੇ ਦੀ ਪੂਛ ਫੜ ਕੇ ਪਾਟਾ ਜਿਹ ਢੋਲ ਵਜਾ ਛਡਦੇ ਹਨ। ਇਹਨਾਂ ਬੁਢੀ ਜੀਵੀਆਂ (ਬੁਧੀਜੀਵੀਆਂ) ਨੇ ਕਾਡਰ ਲਈ ਤਿੰਨ ਦੱਦੇ ਬਣਾ ਰਖੇ ਹਨ (ਜਿਵੇਂ 'ਸਾਹਿਬਾਂ' ਤਿੰਨ ਭੱਬੇ ਬਣਾਏ ਸਨ—'ਭਲਾ ਜੀ', 'ਭੁੱਲਾ ਜੀ', 'ਭਾਣਾ ਜੀ'।



(1) ਦੱਦਾ—ਦਲਗਤ ਨੀਤੀ : ਚੁਪ ਕਰ ਕੇ ਪਾਰਟੀ ਨੀਤੀ ਉਤੇ ਫੁਲ ਚੜ੍ਹਾ ਛਡਣੇ।

(2) ਦੱਦਾ—ਦੇਤਾਂ (Detente) : ਰੂਸ-ਅਮਰੀਕੀ ਮਿਲ-ਭਗਤੀ ਦੀ ਖਾਤਰ ਰੂਸ ਦੇ ਹੱਕ ਵਿਚ ਆਵਾਜ਼ ਉਚੀ ਕਰਨੀ। ਕੰਪੂਚੀਆ ਵਿਚ ਦੋ ਲਖ ਵੀਅਤਨਾਮੀ ਫੌਜ ਅਤੇ ਅਫ਼ਗਾਨਿਸਤਾਨ ਉਤੇ ਨਾਜਾਇਜ਼ ਰੂਸੀ ਕਬਜ਼ੇ ਬਾਰੇ ਕੁਝ ਨਹੀਂ ਕਹਿਣਾ। ਹਾਂ, ਜ਼ਬਾਨੀ-ਕਲਾਮੀ ਇਹ ਉਚਰਨਾ ਕਿ ਕਿਸੇ ਦੇਸ਼ ਨੂੰ ਦੂਜੇ ਦੇਸ਼ ਦੇ ਮੁਆਮਲੇ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ, ਕਿਉਂਕਿ ਇਸ ਨਾਲ 'ਦੇਤਾਂ' ਨੂੰ ਤਕਲੀਫ਼ ਪਹੁੰਚਦੀ ਹੈ।

(3) ਦੱਦਾ—ਦੇਗੋ-ਗ੍ਰਾਸੀਆ : ਏਥੋਂ ਅਮਰੀਕਾ ਦਾ ਅੱਡਾ ਹਟਾਇਆ ਜਾਵੇ, ਜਦ ਕਿ ਇਹ ਅੱਡਾ ਕੰਨਿਆ ਕੁਮਾਰੀ ਤੋਂ ਵੀ ਉੱਨੀਂ ਹਜ਼ਾਰ ਕਿਲੋਮੀਟਰ ਦੀ ਦੂਰੀ ਉਤੇ ਹੈ; ਪਰ ਕਸ਼ਮੀਰ ਤੋਂ ਅਫਗਾਨਿਸਤਾਨ ਵਿਚਲਾ ਰੂਸੀ ਅੱਡਾ ਕੁਝ ਸੌ ਕਿਲੋਮੀਟਰ ਦੀ ਦੂਰੀ 'ਤੇ ਹੀ ਹੋਵੇਗਾ, ਉਸ ਬਾਰੇ ਕੁਝ ਨਹੀਂ ਉਚਰਨਾ।

ਇਤੀ ॥ ਮਸਤ ॥ ਸਭ ਮਸਤ ॥

---

Bhagwan Josh

COMMUNIST MOVEMENT IN PUNJAB (1926-47)

The only book of its kind on the subject...factual, analytical...at places showing brilliant insight into what-has-been and what-could-have-been the communist movement in the Punjab and, for that matter, in India. Hardbound, pages 220, price : Rs. 60

Order your copy to SEDH, A-42, Defence Colony, N. Delhi-24.

---

Send subscriptions & donations to :

| | |
|---|---|
| * H. S. Saini | Price : Rs. 2.00 per copy |
| 95, Burns Ave., | Subscription : |
| Southall, Middx, U.K. | Annual (India) : Rs. 20 |
| * Parminder Tiwana | 'U.S.A.. Canada : Rs. 100 (By air) |
| 1086 Mc Callum Rd. | (Pakistan) : Rs. 40 |
| Abbotsford. B C. | Life membership : Rs. 200 (India) |
| Canada | Rs. 1,000 (Foreign) |

# ਸ਼੍ਰੋਮਣੀ ਅਕਾਲੀ ਦਲ (ਲ) ਅਤੇ ਖੇਤ ਮਜ਼ਦੂਰ

ਏ. ਪੀ. ਸਿੰਘ

1971 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੀ ਕੁਲ ਆਬਾਦੀ 1,35,51,060 ਸੀ ਜਿਸ ਵਿਚੋਂ 39,12,59 ( 8.9%) ਕਿਰਤ ਕਰਨ ਵਾਲੇ ਲੋਕ ਸਨ। ਇਨ੍ਹਾਂ ਕੰਮ ਕਰਨ ਵਾਲਿਆਂ ਵਿਚੋਂ 16, 65, 153 (42.56%) ਅਤੇ 7, 86, 7 5 (20.11%) ਕ੍ਰਮਵਾਰ ਕਾਸ਼ਤਕਾਰਾਂ ਅਤੇ ਜ਼ਰਾਇਤੀ ਮਜ਼ਦੂਰਾਂ ਦੀ ਆਬਾਦੀ ਸੀ। ਪੰਜਾਬ ਦੀ ਕੁਲ ਆਬਾਦੀ ਵਿਚੋਂ 33, 48, 217 (24.7%) ਅਨੁਸੂਚਿਤ ਜਾਤਾਂ ਨਾਲ ਸੰਬੰਧ ਰਖਦੇ ਸਨ, ਜਿਨ੍ਹਾਂ ਵਿਚੋਂ ਬਹੁਤੇ ਪਿੰਡਾਂ ਵਿਚ ਰਹਿੰਦੇ ਹਨ ਅਤੇ ਖੇਤ ਮਜ਼ਦੂਰੀ 'ਤੇ ਨਿਰਭਰ ਕਰਦੇ ਹਨ। ਦੂਸਰੇ ਪਾਸੇ ਖੇਤ ਮਜ਼ਦੂਰਾਂ ਦਾ ਵੱਡਾ ਹਿੱਸਾ ਵੀ ਅਨੁਸੂਚਿਤ ਜਾਤਾਂ ਨਾਲ ਸੰਬੰਧ ਰਖਦਾ ਹੈ। ਇਸੇ ਤਰ੍ਹਾਂ ਕਾਸ਼ਤਕਾਰਾਂ ਦਾ ਵੱਡਾ ਹਿੱਸਾ ਜੱਟ ਸਿੱਖਾਂ ਦਾ ਹੈ। ਇਸ ਲਈ ਅਨੁਸੂਚਿਤ ਜਾਤਾਂ ਵਾਲੇ ਖੇਤ ਮਜ਼ਦੂਰਾਂ ਦਾ ਪੰਜਾਬ ਦੀ ਆਬਾਦੀ ਵਿਚ ਜੱਟ ਸਿੱਖ ਕਾਸ਼ਤਕਾਰਾਂ ਤੋਂ ਬਾਅਦ ਦੂਜਾ ਵੱਡਾ ਹਿੱਸਾ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਐਲਾਨਿਆਂ ਉਦੇਸ਼ ਸਿੱਖਾਂ ਦੇ ਹਰ ਤਰ੍ਹਾਂ ਦੇ ਹਿੱਤ ਦੀ ਦੇਖ ਭਾਲ ਕਰਨਾ ਹੈ ਅਤੇ ਇਸ ਤਰ੍ਹਾਂ ਪੰਥ ਨੂੰ ਚੜ੍ਹਦੀ ਕਲਾ ਵਿਚ ਲੈ ਕੇ ਜਾਣਾ ਹੈ। ਪਰ ਅਜਿਹੀ ਸੋਚ ਨੂੰ ਅਮਲ ਵਿਚ ਲਿਆਉਣਾ ਅਸੰਭਵ ਹੈ ਕਿਉਂਕਿ ਇਹ ਢਾਂਚਾ, ਜਿਸ ਦਾ ਸਿੱਖ ਅਟੁੱਟ ਅੰਗ ਹਨ, ਜਮਾਤਾਂ ਅਤੇ ਤਬਕਿਆਂ ਵਿਚ ਵੰਡਿਆ ਹੋਇਆ ਹੈ। ਸਿੱਟੇ ਵਜੋਂ ਦਲ ਦੀਆਂ ਨੀਤੀਆਂ ਦੇ ਫਾਇਦੇ ਦਾ ਵੱਡਾ ਹਿੱਸਾ ਧਨੀ ਸਿੱਖ ਹੜੱਪ ਜਾਂਦੇ ਹਨ। ਇਹੀ ਕਾਰਨ ਹੈ ਕਿ ਦਲ ਦਾ ਸਿੱਖਾਂ ਦੀਆਂ ਸਾਰੀਆਂ ਜਮਾਤਾਂ ਅਤੇ ਤਬਕਿਆਂ ਵਿਚ ਇਕੋ ਜਿਹਾ ਅਸਰ ਨਹੀਂ। ਖੇਤ ਮਜ਼ਦੂਰਾਂ ਦੀ ਇਕ ਅਜਿਹੀ ਉਦਾਹਰਣ ਹੈ ਜਿਥੇ ਇਸ ਦਾ ਅਸਰ ਨਾਂ-ਮਾਤਰ ਹੈ। ਅੱਜ ਤੋਂ ਲਗਭਗ 60 ਸਾਲ ਪਹਿਲਾਂ ਜਦੋਂ ਦਲ ਦੀ ਸਥਾਪਨਾ ਕੀਤੀ ਗਈ, ਉਦੋਂ ਤੋਂ ਲੈ ਕੇ ਹੁਣ ਤਕ ਇਸ ਦਾ ਰੁਖ ਜ਼ਿਮੀਂਦਾਰਾਂ ਦੀ ਪਾਰਟੀ ਬਣਨ ਵੱਲ ਰਿਹਾ ਹੈ। ਪੰਜਾਬ ਦੀ ਖੇਤੀਬਾੜੀ ਵਿਚ ਸਰਮਾਏਦਾਰੀ ਸੰਬੰਧਾਂ ਦੇ ਭਾਰੂ ਹੋਣ ਨਾਲ, ਖੇਤ ਮਜ਼ਦੂਰਾਂ ਅਤੇ ਸਰਮਾਏਦਾਰ ਕਿਸਾਨਾਂ ਵਿਚਕਾਰ ਝਗੜੇ ਆਮ ਹੋ ਗਏ ਹਨ। ਇਹੀ ਕਾਰਨ ਹੈ ਕਿ ਖੇਤ ਮਜ਼ਦੂਰਾਂ ਦਾ ਅਕਾਲੀ ਦਲ ਦੀ ਬਜਾਏ ਕਾਂਗਰਸ (ਆਈ) ਵੱਲ ਝੁਕਾਅ ਜ਼ਿਆਦਾ ਹੈ, ਪਰੰਤੂ ਕਾਂਗਰਸ (ਆਈ) ਦਾ ਪੰਜਾਬ ਦੀ ਜੱਟ ਸਿੱਖ ਕਿਸਾਨੀ ਵਿਚ ਆਧਾਰ ਘਟ ਹੈ।

ਦਲ ਨੇ 22 ਫਰਵਰੀ ਨੂੰ ਬਠਿੰਡਾ ਵਿਖੇ ਅਨੁਸੂਚਿਤ ਜਾਤਾਂ ਦੀ ਪੰਜਾਬ ਪੱਧਰ ਦੀ ਕਨਵੈਨਸ਼ਨ ਬੁਲਾ ਕੇ, ਖੇਤ ਮਜ਼ਦੂਰਾਂ ਦੀ ਹਮਦਰਦੀ ਜਿੱਤਣ ਲਈ ਆਪਣੀਆਂ ਕੋਸ਼ਿਸ਼ਾਂ ਹੋਰ ਤੇਜ਼ ਕੀਤੀਆਂ। ਸੰਤ



ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਅਕਾਲੀ ਦਲ, ਗੁਰਬਚਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਧੰਨਾ ਸਿੰਘ ਗੁਲਸ਼ਨ, ਇਕ ਮਜ਼੍ਹਬੀ ਸਿੱਖ ਅਤੇ ਸਾਬਕਾ ਸਮਾਜ ਕਲਿਆਣ ਕੇਂਦਰੀ ਰਾਜ ਮੰਤਰੀ, ਰਾਜਿੰਦਰ ਕੌਰ, ਪ੍ਰਧਾਨ ਇਸਤ੍ਰੀ ਅਕਾਲੀ ਦਲ ਅਤੇ ਰਾਜ ਸਭਾ ਮੈਂਬਰ, ਅਤੇ ਹੋਰ ਕਈ ਹੇਠਲੇ ਪੱਧਰ ਦੇ ਅਕਾਲੀ ਲੀਡਰਾਂ ਨੇ ਕਨਵੈਨਸ਼ਨ ਵਿਚ ਭਾਗ ਲਿਆ। ਜਗਜੀਵਨ ਰਾਮ ਸਾਬਕਾ ਉਪ ਪ੍ਰਧਾਨ ਮੰਤਰੀ, ਸਯਈਅਦ ਅੱਤਾ ਉਲਾ ਸ਼ਾਹ ਬੁਖਾਰੀ, ਸ਼ਾਹੀ ਅਮਾਮ ਜਾਮਾ ਮਸਜਦ ਦਿੱਲੀ, ਕਲਿਆਨ ਚੰਦ ਸਾਬਕਾ ਐਮ. ਪੀ. ਅਲਾਹਾਬਾਦ, ਚੰਦ ਸਿੰਘ ਚੋਪੜਾ ਐਮ. ਐਲ. ਏ. ਅਤੇ ਪ੍ਰਧਾਨ ਪੰਜਾਬ ਦਿਹਾਤੀ ਮਜ਼ਦੂਰ ਸਭਾ ਅਤੇ ਹੋਰ ਕਈ ਬਾਹਰਲੇ ਲੀਡਰਾਂ ਨੂੰ ਵੀ ਸੱਦਾ ਭੇਜਿਆ ਗਿਆ। ਇਨ੍ਹਾਂ ਵਿਚੋਂ ਸਿਰਫ ਕਲਿਆਣ ਚੰਦ ਹੀ ਕਨਵੈਨਸ਼ਨ ਵਿਚ ਸ਼ਾਮਲ ਹੋਇਆ। ਸਰੋਤਿਆਂ ਦੀ ਗਿਣਤੀ 1500 ਦੇ ਲਗਭਗ ਸੀ ਜਿਹੜੇ ਕਿ ਮੁੱਖ ਤੌਰ 'ਤੇ ਲਾਗਲੇ ਪਿੰਡਾਂ ਵਿਚੋਂ ਆਏ ਸਨ। ਦੂਰ ਦੇ ਇਲਾਕਿਆਂ ਵਿਚੋਂ ਕੇਵਲ ਉਘੇ ਲੀਡਰਾਂ ਨੂੰ ਹੀ ਬੁਲਾਇਆ ਗਿਆ। ਸਰੋਤਿਆਂ ਦਾ ਵੱਡਾ ਹਿੱਸਾ ਜੱਟ ਸਿੱਖ ਕਿਸਾਨੀ ਦਾ ਸੀ ਅਤੇ ਬਾਕੀ ਕੁਝ ਹਿੱਸਾ ਮਜ਼੍ਹਬੀ ਸਿੱਖਾਂ, ਸ਼ਹਿਰੀ ਅਕਾਲੀਆਂ ਅਤੇ ਢਾਡੀਆਂ ਨੂੰ ਸੁਣਨ ਵਾਲੇ ਆਮ ਲੋਕਾਂ ਦਾ ਸੀ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਭਾਵੇਂ ਇਹ ਅਨੁਸੂਚਿਤ ਜਾਤਾਂ ਦੀ ਕਨਵੈਨਸ਼ਨ ਸੀ ਪਰ ਅਸਲ ਵਿਚ ਇਸ ਦਾ ਮੁੱਖ ਸਬੰਧ ਅਨੁਸੂਚਿਤ ਜਾਤਾਂ ਦੇ ਖੇਤ ਮਜ਼ਦੂਰਾਂ, ਖਾਸ ਕਰ ਮਜ਼੍ਹਬੀ ਸਿੱਖ ਖੇਤ ਮਜ਼ਦੂਰਾਂ ਨਾਲ ਸੀ।

ਵਿਧਾਨ ਸਭਾ ਐਕਟ ਰਾਹੀਂ ਅਨੁਸੂਚਿਤ ਜਾਤਾਂ ਲਈ ਯਕੀਨੀ ਤੇ ਪੱਕੀਆਂ ਰਾਖਵੀਆਂ ਨੌਕਰੀਆਂ, ਹਰੀਜਨ ਬਸਤੀਆਂ ਦੀ ਸਫਾਈ, ਔਰਤਾਂ ਦੇ ਸਿਰਾਂ ਤੋਂ ਗੰਦਗੀ ਉਤਾਰਨ ਵਾਸਤੇ ਅਤੇ ਉਨ੍ਹਾਂ ਨੂੰ ਆਪਣੇ ਵਾਸਤੇ ਰੁਜ਼ਗਾਰ ਪੈਦਾ ਕਰਨ ਲਈ ਬਿਨਾ ਵਿਆਜ ਕਰਜ਼ੇ, ਮਕਾਨ ਪਾਉਣ ਲਈ ਥਾਂ ਅਤੇ ਮਕਾਨ ਪਾਉਣ ਵਿਚ ਮਦਦ, ਅਲਾਟ ਕੀਤੀਆਂ ਵਾਧੂ ਜ਼ਮੀਨਾਂ 'ਤੇ ਬੇਜ਼ਮੀਨਿਆਂ ਨੂੰ ਕਬਜ਼ੇ ਦਵਾਉਣ, ਧਰਮਸ਼ਾਲਾ ਪਾਉਣ ਲਈ ਥਾਂ, ਗੜੇਮਾਰ ਹੇਠ ਆਏ ਜ਼ਿਲ੍ਹਿਆਂ ਦੇ ਜ਼ਿਮੀਂਦਾਰਾਂ ਅਤੇ ਉਨ੍ਹਾਂ ਦੇ ਸੀਰੀਆਂ ਲਈ ਮੁਆਵਜ਼ਾ ਅਤੇ ਉਨ੍ਹਾਂ ਦੇ ਖਾਦਾਂ ਦੇ ਕਰਜ਼ਿਆਂ ਦੀ ਮੁਆਫ਼ੀ ਸਬੰਧੀ ਕਾਨਫਰੰਸ ਵਿਚ ਮਤੇ ਪਾਸ ਕੀਤੇ ਗਏ। ਧੰਨਾ ਸਿੰਘ ਗੁਲਸ਼ਨ ਨੇ ਸਵਾਗਤੀ ਐਡਰੈਸ ਵਿਚ ਪਛੜੀਆਂ ਜਾਤਾਂ ਦੀਆਂ ਵਿਧਵਾ ਔਰਤਾਂ ਦੀਆਂ ਲੜਕੀਆਂ ਦੀ ਸ਼ਾਦੀ ਸਮੇਂ ਮਾਲੀ ਸਹਾਇਤਾ ਲਈ ਟਰੱਸਟ ਅਤੇ ਇਨ੍ਹਾਂ ਜਾਤਾਂ ਵਿਚ ਧਰਮ ਪ੍ਰਚਾਰ ਲਈ ਅਲੱਗ ਸੈਲ ਕਾਇਮ ਕਰਨ ਸਬੰਧੀ ਦੋ ਮੰਗਾਂ ਉਠਾਈਆਂ ਜਿਨ੍ਹਾਂ ਨੂੰ ਪ੍ਰਧਾਨ ਅਕਾਲੀ ਦਲ ਨੇ ਪ੍ਰਵਾਨ ਕਰ ਲਿਆ। ਗੁਲਸ਼ਨ ਨੇ ਸਵਾਗਤੀ ਐਡਰੈਸ ਵਿਚ ਮਹਿੰਗਾਈ, ਬੇਈਮਾਨੀ, ਬਲਾਤਕਾਰ, ਪੁਲਿਸ ਵਧੀਕੀਆਂ ਆਦਿ ਕੁਝ ਸਾਂਝੀਆਂ ਸਮੱਸਿਆਵਾਂ ਦਾ ਵੀ ਵਰਨਣ ਕੀਤਾ ਜਿਨ੍ਹਾਂ ਸਬੰਧੀ ਇਹ ਫੈਸਲਾ ਕੀਤਾ ਗਿਆ ਕਿ ਹਰ ਇਕ ਜ਼ਿਲ੍ਹੇ ਵਿਚ ਕਨਵੈਨਸ਼ਨ ਬੁਲਾ ਕੇ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਬਾਰੇ ਚੇਤਨ ਕੀਤਾ ਜਾਵੇ ਅਤੇ ਸਰਕਾਰ ਨੂੰ ਇਨ੍ਹਾਂ ਸਮੱਸਿਆਵਾਂ ਦੇ ਹੱਲ ਕਰਨ ਲਈ ਮਜਬੂਰ ਕੀਤਾ ਜਾਵੇ।

ਅਕਾਲੀਆਂ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਿਚ ਏਕਤਾ ਬਣੀ ਰਹੇ। ਇਸ ਲਈ ਉਹ ਖੇਤ ਮਜ਼ਦੂਰਾਂ ਦੀਆਂ ਮੰਗਾਂ ਇਸ ਤਰ੍ਹਾਂ ਚੁਣਦੇ ਹਨ ਜਿਸ ਨਾਲ ਦੋਨੋਂ ਜਮਾਤਾਂ ਵਿਚਾਲੇ ਟੱਕਰ ਘਟਾਈ ਜਾ ਸਕੇ ਪਰ ਪਾਰਟੀ ਦੇ ਬੁਲਾਰਿਆਂ ਨੇ ਪਾਸ ਕੀਤੀਆਂ ਮੰਗਾਂ ਦਾ ਇਕੋ ਜਿਹਾ ਸਮਰਥਨ ਨਹੀਂ ਕੀਤਾ। ਇਕ ਲੀਡਰ ਨੇ ਕਿਹਾ ਜੇ ਰਾਜ ਕਰਨਾ ਹੈ ਤਾਂ ਇਨ੍ਹਾਂ ਮੰਗਾਂ ਦੀ ਹਿਮਾਇਤ ਕਰਨੀ ਹੀ ਪਵੇਗੀ। ਉਸ ਨੇ ਅੱਗੇ ਕਿਹਾ ਕਿ ਭਾਵੇਂ ਰੀਜ਼ਰਵੇਸ਼ਨ ਦੀ ਨੀਤੀ ਕਾਰਨ ਗਰੀਬ ਲੋਕ ਵੰਡੇ ਗਏ ਹਨ ਪਰ ਫੇਰ ਵੀ ਉਹ ਇਸ ਦੀ ਵਿਰੋਧਤਾ ਨਹੀਂ ਕਰ ਸਕਦੇ। ਲੌਂਗੋਵਾਲ

ਨੇ ਕਿਹਾ : "ਅੱਵਲ ਤਾਂ ਇਹ (ਹਰੀਜਨ) ਵਿਚਾਰੇ ਗਰੀਬੀ ਦੇ ਕਾਰਨ ਪੜ੍ਹ ਹੀ ਨਹੀਂ ਸਕਦੇ। ਜੇ ਕੋਈ ਗਰੀਬੀ ਦੀ ਮਾਰ ਤੋਂ ਬਚ ਜਾਏ ਤਾਂ ਉਸ ਦੇ ਮੂੰਹ ਵਿਚ ਮਿਹਰ ਦੀ ਕੁੰਡੀ ਅੜਾ ਦਿਤੀ ਜਾਂਦੀ ਹੈ। ਮੱਛੀ ਵਾਂਗ ਛਡਿਆ ਉਦੋਂ ਜਾਂਦਾ ਹੈ ਜਦੋਂ ਸਰਮਾਇਦਾਰੀ ਦੀ ਮੰਡੀ ਵਿਚ ਵਿਕ ਜਾਂਦਾ ਹੈ। ਜੇ ਕੋਈ ਸਿਆਣਾ ਮਨੁੱਖ ਇਸ ਤਬਕੇ ਵਿਚ ਨਜ਼ਰ ਆਉਂਦਾ ਹੈ ਤਾਂ ਉਹ ਕੁਰਸੀ ਨਾਲ ਬੰਨ੍ਹ ਦਿਤਾ ਜਾਂਦਾ ਹੈ।......ਇਹ ਵਿਚਾਰੇ ਮਾਇਆ ਦਾ ਸ਼ਿਕਾਰ ਹੋ ਕੇ ਇਸ ਤਬਕੇ ਨਾਲੋਂ ਸਬੰਧ ਤੋੜ ਲੈਂਦੇ ਹਨ। ਸਗੋਂ ਕਈ ਤਾਂ ਦੂਜਿਆਂ ਨਾਲ ਮਿਲਕੇ ਇਸ ਦੀ ਲੁੱਟ ਵਿਚ ਵੀ ਸਹਾਈ ਹੁੰਦੇ ਹਨ। ਇਸ ਤਰ੍ਹਾਂ ਇਸ ਸ਼੍ਰੇਣੀ ਦੀ 5ਫੀ ਸਦੀ ਵਸੋਂ ਸਰਮਾਇਦਾਰੀ ਦਾ ਸ਼ਿਕਾਰ ਹੋ ਚੁਕੀ ਹੈ......ਤੇ ਦੂਜੀ ਕੌਮ ਅਗਿਆਨਤਾ ਤੇ ਗਰੀਬੀ ਦੀ ਖੱਡ ਵਿਚ ਸੁੱਟੀ ਪਈ ਹੈ"।[1] ਉਸ ਨੇ ਸਿਰਫ ਪੱਟੀਦਰ ਜਾਤਾਂ ਵਾਸਤੇ ਹਰੀਜਨ ਸ਼ਬਦ ਦੀ ਵਰਤੋਂ ਕਰਨ ਦੀ ਆਲੋਚਨਾ ਕੀਤੀ। "ਜੇ ਅਸੀਂ ਹਰੀਜਨ ਭਾਵ ਹਰੀ ਦੇ ਭਗਤ ਹਾਂ ਜਾਂ ਹਰੀ ਦੇ ਪੁੱਤਰ ਹਾਂ ਤਾਂ ਦੂਜੇ ਭਾਰਤੀ ਕੀ ਹਰੀ ਦੇ ਪੁੱਤਰ ਨਹੀਂ ਜਾਂ ਹਰੀ ਦੇ ਭਗਤ ਨਹੀਂ। ਜੇ ਸਾਰੇ ਹਰੀ ਦੇ ਪੁੱਤਰ ਹਨ ਤਾਂ ਸਾਰੇ ਭਾਰਤੀ ਹਰੀਜਨ ਕਿਉਂ ਨਹੀਂ ? ਕੋਈ ਚਾਤਰ ਪੁਰਸ਼ ਕਹਿ ਸਕਦਾ ਹੈ ਕਿ ਸਾਰੇ ਭਾਰਤੀਆਂ ਨੂੰ ਇਸ ਲਈ ਹਰੀਜਨ ਨਹੀਂ ਕਿਹਾ ਗਿਆ ਤਾਕਿ ਇਨ੍ਹਾਂ ਨੂੰ ਸਹੂਲਤਾਂ ਦਿਤੀਆਂ ਜਾ ਸਕਣ। ਇਸ ਦਾ ਉਤਰ ਸਾਫ ਹੈ ਕਿ ਜੇ ਸਹੂਲਤਾਂ ਦੇਣੀਆਂ ਹਨ ਤਾਂ ਪੱਛੜੇ ਹਰੀਜਨਾਂ ਦੇ ਨਾਮ ਥੱਲੇ ਵੀ ਦਿਤੀਆਂ ਜਾ ਸਕਦੀਆਂ ਹਨ। ਪਰ ਅਫਸੋਸ। ਦੁਨੀਆਂ ਦੇ ਸਾਰੇ ਦੁੱਖਾਂ ਦੀ ਮਾਂ ਅਗਿਆਨਤਾ ਅਤੇ ਗਰੀਬੀ ਹੈ।"[2]

ਲੌਂਗੋਵਾਲ ਨੇ ਕਾਂਗਰਸ ਦੀ ਘੋਰ ਆਲੋਚਨਾ ਕੀਤੀ ਜਿਸ ਨੇ ਸ਼ਹਿਰਾਂ ਦੀ ਕਰੋੜਾਂ ਰੁਪਇਆਂ ਦੀ ਦੌਲਤ ਛੱਡ ਕੇ ਸਿਰਫ ਜ਼ਮੀਨ ਦੀ ਹੀ ਸੀਲਿੰਗ ਕੀਤੀ। ਉਸ ਦੇ ਅਨੁਸਾਰ "ਜੇ ਸਰਕਾਰ ਦੀ ਨੀਅਤ ਸਾਫ ਹੁੰਦੀ ਤੇ ਅਮੀਰੀ-ਗਰੀਬੀ ਦੇ ਖੱਪੇ ਨੂੰ ਪੂਰਨਾ ਚਾਹੁੰਦੀ ਤਾਂ ਸਿਰਫ ਸੀਮਤ ਆਮਦਨ ਤੇ ਸੀਮਤ ਜਾਇਦਾਦ ਦਾ ਕਾਨੂੰਨ ਪਾਸ ਕਰ ਦੇਂਦੀ ਕਿ ਕੋਈ ਮਨੁੱਖ ਭਾਵੇਂ ਕਾਰਖਾਨੇ, ਰੁਪਏ, ਮਹਿਲ, ਜ਼ਮੀਨ ਜਾਂ ਹੋਰ ਜਾਇਦਾਦ ਦੇ ਰੂਪ ਵਿਚ ਏਨੀ ਸੀਮਤ ਜਾਇਦਾਦ ਰੱਖ ਸਕਦਾ ਹੈ ਤੇ ਏਨੀ ਸੀਮਤ ਆਮਦਨ ਕਰ ਸਕਦਾ ਹੈ। ਕਾਂਗਰਸ ਇਸ ਸੱਚ ਦੀ ਤਕੜੀ ਵਿਚ ਸੱਚ ਦੇ ਵੱਟੇ ਪਾ ਕੇ ਸਭ ਨੂੰ ਇਕੋ ਜਿਹਾ ਤੋਲਦੀ ਤਾਂ ਭਾਰਤ ਵਿਚ ਕਲਿਆਣਕਾਰੀ ਰਾਜ ਸਥਾਪਤ ਹੁੰਦਾ ਤੇ ਗਰੀਬੀ ਤੇ ਅਗਿਆਨਤਾ ਖੰਭ ਲਾ ਕੇ ਉਡ ਚੁੱਕੀ ਹੁੰਦੀ।" ਇਕ ਹੋਰ ਲੀਡਰ ਨੇ ਕਿਹਾ ਜੇ ਜਿਮੀਂਦਾਰਾਂ ਤੋਂ ਸੀਲਿੰਗ ਲਾ ਕੇ ਵਾਧੂ ਜ਼ਮੀਨ ਲਈ ਜਾਵੇ ਤਾਂ ਉਨ੍ਹਾਂ ਨੂੰ ਪੂਰਾ ਮੁਆਵਜ਼ਾ ਦਿਤਾ ਜਾਵੇ। ਰਾਜਿੰਦਰ ਕੌਰ ਨੇ ਕਿਹਾ ਕਿ ਜ਼ਮੀਨੀ ਸੁਧਾਰਾਂ ਨਾਲ ਬੇਜ਼ਮੀਨਿਆਂ ਦੀ ਗਰੀਬੀ ਹਟਾਈ ਨਹੀਂ ਜਾ ਸਕਦੀ ਕਿਉਂਕਿ ਪੰਜਾਬ ਵਿਚ ਵਾਧੂ ਵੰਡਣਯੋਗ ਜ਼ਮੀਨ ਬਹੁਤ ਥੋੜੀ ਹੈ। ਇਨ੍ਹਾਂ ਦਾ ਕਲਿਆਣ ਸੂਬੇ ਦੀ ਉਦਯੋਗਿਕ ਤਰੱਕੀ ਦੁਆਰਾ ਰੁਜ਼ਗਾਰ ਦੇ ਮੌਕੇ ਪੈਦਾ ਕਰ ਕੇ ਹੀ ਕੀਤਾ ਜਾ ਸਕਦਾ ਹੈ ਜਿਹੜਾ ਕਿ ਕੇਂਦਰ ਵਲੋਂ ਰਾਜ ਨੂੰ ਦਿਤੀ ਖੁਦਮੁਖ਼ਤਾਰੀ 'ਤੇ ਨਿਰਭਰ ਕਰਦਾ ਹੈ। ਲੌਂਗੋਵਾਲ ਨੇ ਕਿਹਾ ਕਿ ਪੰਜਾਬ ਤਾਂ ਹੀ ਖੁਦਮੁਖ਼ਤਾਰ ਬਣ ਸਕਦਾ ਹੈ ਜੇ ਕੇਂਦਰ ਕੋਲੋਂ ਕੁਝ ਕੰਮ ਜਿਵੇਂ ਰਖਿਆ, ਕਰੰਸੀ, ਵਿਦੇਸ਼ੀ ਮਾਮਲੇ, ਵਪਾਰ ਆਦਿ ਛੱਡ ਕੇ ਬਾਕੀ ਸਭ ਇਸ ਨੂੰ ਦੇ ਦਿਤੇ ਜਾਣ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਏਕਤਾ ਦੀ ਲੋੜ ਹੈ। ਉਸ ਨੇ ਕਿਹਾ ਕਿ ਕਿਸਾਨਾਂ ਨੂੰ ਇਸ ਏਕਤਾ ਵਿਚ ਪਹਿਲ ਕਰਨੀ ਚਾਹੀਦੀ ਹੈ। ਉਸ ਉਨ੍ਹਾਂ ਨੂੰ ਨਸੀਹਤ ਦਿਤੀ ਕਿ ਉਹ ਆਪਣੀ ਜ਼ਮੀਨ ਦਾ ਘੁਮੰਡ ਨਾ ਕਰਨ। ਜੇ ਕਿਸਾਨ ਮਜ਼ਦੂਰ ਦੀ ਪੰਜ ਪੈਸੇ ਦੀ ਮਦਦ ਕਰਦਾ ਹੈ, ਤਾਂ ਮਜ਼ਦੂਰ ਉਸ ਦੀ ਦਸ ਪੈਸੇ ਜਵਾਬੀ ਮਦਦ ਕਰਦਾ ਹੈ। ਉਸ ਨੇ ਦੁੱਖ ਪ੍ਰਗਟਾਇਆ ਕਿ ਕੁਝ ਸਿੱਖ ਭਾਈ ਐਮ. ਐਲ. ਏ.



ਬਣਨ ਤੋਂ ਬਾਅਦ ਵੇਹੜਿਆਂ (ਪੇਂਡੂ ਹਰੀਜਨ ਬਸਤੀਆਂ) ਨੂੰ ਭੁੱਲ ਜਾਂਦੇ ਹਨ।

ਜਾਤ ਪਾਤ ਸਬੰਧੀ ਦੁਨੀਆਂ ਦੇ ਸਾਰੇ ਧਰਮਾਂ ਦੇ ਵਿਚਾਰਾਂ ਦਾ ਵਰਣਨ ਕਰਦਿਆਂ ਹੋਇਆਂ ਲੌਂਗੋਵਾਲ ਨੇ ਲਿਖਿਆ ਹੈ : "ਜਗਤ ਦਾ ਕੋਈ ਵੀ ਧਰਮ ਮਨੁੱਖਤਾ ਨੂੰ ਜਾਤਾਂ ਵਿਚ ਨਹੀਂ ਵੰਡਦਾ। ਜਗਤ ਦੇ ਧਾਰਮਕ ਗ੍ਰੰਥ ਐਰੇਤ, ਬਾਈਬਲ, ਕੁਰਾਨ ਸ਼ਰੀਫ਼, ਵੇਦ, ਉਪਨਿਸ਼ਦ, ਰਮਾਇਨ, ਮਹਾਂਭਾਰਤ, ਭਗਵਤ ਗੀਤਾ, ਬੁੱਧ ਧਰਮ, ਜੈਨ ਧਰਮ, ਗੁਰੂ ਗ੍ਰੰਥ ਸਾਹਿਬ ਆਦਿ ਜਾਤ-ਪਾਤ ਦਾ ਖੰਡਨ ਕਰਦੇ ਹਨ। ਜਗਤ ਦੇ ਧਰਮ ਗ੍ਰੰਥਾਂ ਅਨੁਸਾਰ ਹਰ ਜੀਵ ਵਿਚ ਆਤਮਾ ਹੈ। ਆਤਮਾ ਪ੍ਰਮਾਤਮਾ ਦੀ ਅੰਸ਼ ਹੈ ਜਿਹੜੀ ਆਪਣੇ ਕਰਮਾਂ ਦਾ ਫਲ ਭੋਗਣ ਲਈ ਬਾਰ-ਬਾਰ ਕਈ ਜੂਨਾਂ ਵਿਚ ਸਰੀਰ ਰੂਪੀ ਜਾਮਾ ਧਾਰਦੀ ਹੈ। ਆਤਮਾ ਨੂੰ ਕਰਮਾਂ ਅਨੁਸਾਰ ਸਰੀਰ ਮਿਲਦਾ ਹੈ। ਜਾਤ-ਪਾਤ, ਨਸਲਾਂ, ਧਨ ਦੌਲਤ ਇਹ ਸਭ ਸ਼ੈਤਾਨੀ ਮਨ ਦੀਆਂ ਵੰਡਾਂ ਹਨ। ਮਨੁੱਖ ਦਾ ਉਦੇਸ਼ ਆਤਮਾ ਨੂੰ ਸਰੀਰ ਤੋਂ ਛੁਟਕਾਰਾ ਦਿਵਾਉਣਾ ਹੈ ਭਾਵ ਆਵਾਗਵਨ ਦੇ ਚੱਕਰ ਤੋਂ ਬਚਣਾ ਹੈ। ਮਨੁੱਖ ਲਈ ਸਮਾਜਕ ਮੁਕਤੀ ਮਾਰਗ ਹੈ ਅਤੇ ਆਤਮਕ ਮੁਕਤੀ ਮੰਜ਼ਿਲ ਹੈ। ਇਸ ਸਾਰੀ ਗੱਲ ਦੇ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਜਿਹੜਾ ਮਨੁੱਖ ਮਨੁੱਖਤਾ ਨੂੰ ਜਾਤਾਂ ਵਿਚ ਵੰਡਦਾ ਹੈ, ਨਫਰਤ ਕਰਦਾ ਹੈ, ਉਹ ਨਾ ਹੀ ਸੱਚਾ ਹਿੰਦੂ ਨਾ ਹੀ ਸੱਚਾ ਮੁਸਲਮਾਨ, ਨਾ ਹੀ ਸੱਚਾ ਈਸਾਈ ਤੇ ਨਾ ਹੀ ਸੱਚਾ ਸਿੱਖ ਹੈ।"

ਹੋਰ ਬੁਲਾਰਿਆ ਨੇ ਵੀ ਸਿੱਖ ਧਾਰਮਕ ਗ੍ਰੰਥਾਂ ਵਿਚੋਂ ਟੂਕਾਂ ਅਤੇ ਸਿੱਖ ਇਤਿਹਾਸ ਵਿਚੋਂ ਉਦਾਹਰਣਾਂ ਲੈ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਜਾਤ-ਪਾਤ ਦੇ ਵਿਰੋਧੀ ਹੈ। ਉਦਾਹਰਣ ਲਈ ਕੁਝ ਟੂਕਾਂ ਇਸ ਤਰ੍ਹਾਂ ਹਨ : (i) ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕ ਤਿਨ ਕੇ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ii) ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ ॥ (iii) ਏਕ ਪਿਤਾ ਏਕਸ ਕੇ ਹਮ ਬਾਰਿਕ ॥ (iv) ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ ॥

ਇਸੇ ਤਰ੍ਹਾਂ ਸਿੱਖ ਇਤਿਹਾਸ ਵਿਚੋਂ ਲਈਆਂ ਗਈਆਂ ਉਦਾਹਰਣਾਂ ਇਸ ਤਰ੍ਹਾਂ ਹਨ : ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ 22 ਮਹਾਨ ਭਗਤਾਂ ਦੀ ਬਾਣੀ ਦਰਜ ਕੀਤੀ ਗਈ ਜਿਨ੍ਹਾਂ ਨੂੰ ਉਚ ਜਾਤੀਏ ਨੀਵੀਂ ਜਾਤ ਦੇ ਸਮਝਦੇ ਸਨ। ਜਦੋਂ ਗੁਰੂ ਤੇਗ ਬਹਾਦਰ ਨੂੰ ਦਿੱਲੀ ਵਿਖੇ ਸ਼ਹੀਦ ਕੀਤਾ ਗਿਆ ਤਾਂ ਬਾਬਾ ਜੀਵਨ ਸਿੰਘ ਉਨ੍ਹਾਂ ਦਾ ਸੀਸ ਚੁੱਕ ਕੇ ਅਨੰਦਪੁਰ ਸਾਹਿਬ ਲਿਆਏ ਸਨ, ਗੁਰੂ ਗੋਬਿੰਦ ਸਿੰਘ ਨੇ ਉਸ ਨੂੰ ਛਾਤੀ ਨਾਲ ਲਾ ਕੇ ਰੰਗਰੇਟੇ ਗੁਰੂ ਕੇ ਬੇਟੇ ਕਹਿੰਦਿਆਂ ਮਜ਼ਹਬੀ ਸਿੱਖ ਦਾ ਖਿਤਾਬ ਦਿਤਾ। ਮਜ਼ਹਬੀ ਦਾ ਭਾਵ ਹੈ ਧਰਮ ਦੀ ਵਫ਼ਾਦਾਰੀ। ਇਸੇ ਤਰ੍ਹਾਂ ਭਾਈ ਵੀਰ ਸਿੰਘ, ਭਾਈ ਧੀਰ ਸਿੰਘ ਵਰਗੇ ਹੋਰ ਮਜ਼ਹਬੀ ਸਿੱਖਾਂ ਦੀਆਂ ਉਦਾਹਰਣਾਂ ਦਿਤੀਆਂ ਗਈਆਂ। ਲੌਂਗੋਵਾਲ ਨੇ ਦਸਿਆ ਕਿ "ਅੰਬੇਦਕਰ ਨੇ ਸਦੀਆਂ ਤੋਂ ਲਿਤਾੜੀ ਜਾ ਰਹੀ ਕੌਮ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਦਾ ਫੈਸਲਾ ਕੀਤਾ। ਇਹ ਕੌਮ ਬਾਬੇ ਨਾਨਕ ਦੇ ਘਰ ਦੇ ਗਿਆਨ ਦੀ ਵਿਰਾਸਤ ਨੂੰ ਅਪਨਾਉਣ ਹੀ ਵਾਲੀ ਸੀ ਕਿ ਕਈ ਚਤਰ ਪੁਰਖਾਂ ਨੇ ਇਸ ਕੌਮ ਨੂੰ ਸਮਾਜਕ ਅਤੇ ਆਤਮਕ ਮੁਕਤੀ ਦਾਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਨੋਂ ਰੋਕ ਲਿਆ ਤਾਕਿ ਆਦਿ ਗੁਲਾਮ ਗੁਲਾਮ ਹੀ ਰਹਿਣ।" ਉਸ ਨੇ ਦੋਸ਼ ਲਾਇਆ ਕਿ ਕਾਂਗਰਸ (ਆਈ) 'ਤੇ ਬ੍ਰਾਹਮਣ ਲੀਡਰਸ਼ਿਪ ਦਾ ਕੰਟਰੋਲ ਹੈ। ਉਸ ਨੇ ਮੰਨਿਆ ਕਿ ਸਿੱਖਾਂ 'ਤੇ ਵੀ ਬ੍ਰਾਹਮਣਵਾਦ ਦਾ ਅਸਰ ਹੈ। ਇਸ ਲਈ ਉਸ ਨੇ ਸਿੱਖ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕਰਨ ਦੀ ਨਸੀਹਤ ਦਿਤੀ। ਉਸ ਨੇ ਦਾਹਵਾ ਕੀਤਾ ਕਿ ਪੰਜਾਬ ਵਿਚ ਸਿੱਖ ਧਰਮ ਦਾ ਅਸਰ ਹੋਣ ਕਾਰਨ ਦੂਸਰਿਆਂ ਸੂਬਿਆਂ ਦੇ ਮੁਕਾਬਲੇ ਵਿਚ ਹਰੀਜਨਾਂ 'ਤੇ ਘੱਟ ਵਧੀਕੀਆਂ

ਹੋਈਆਂ ਹਨ ।

ਕਨਵੈਨਸ਼ਨ ਵਿਚ ਅਕਾਲੀ ਦਲ ਦੇ ਖੇਤ ਮਜ਼ਦੂਰਾਂ ਵੱਲ ਵਤੀਰੇ ਸਬੰਧੀ ਕੁਝ ਗੱਲਾਂ ਉਭਰ ਕੇ ਸਾਹਮਣੇ ਆਈਆਂ :

(ੳ) ਪੰਜਾਬ ਵਿਚ ਖੇਤ-ਮਜ਼ਦੂਰਾਂ ਦੇ ਘੋਲ ਮੁੱਖ ਤੌਰ 'ਤੇ ਮਜ਼ਦੂਰੀ ਅਤੇ ਇਸ ਨਾਲ ਸਬੰਧਤ ਮਸਲਿਆਂ 'ਤੇ ਹੁੰਦੇ ਹਨ । ਪਰ ਕਨਵੈਨਸ਼ਨ ਵਿਚ ਇਨ੍ਹਾਂ ਟਕਰਾਂ ਦੇ ਜਮਾਤੀ ਲਛਣਾਂ ਨਾਲੋਂ ਜਾਤੀ ਲਛਣਾਂ 'ਤੇ ਜ਼ਿਆਦਾ ਜ਼ੋਰ ਦਿਤਾ ਗਿਆ । ਉਨ੍ਹਾਂ ਨੇ ਕਿਸਾਨਾਂ ਨੂੰ ਨਸੀਹਤ ਦਿਤੀ ਕਿ ਉਹ ਹਰੀਜਨਾਂ ਵੱਲ ਬਰਾਬਰੀ ਵਾਲਾ ਵਤੀਰਾ ਅਪਣਾਉਣ ਕਿਉਂਕਿ ਸਿੱਖ ਧਰਮ ਜਾਤ-ਪਾਤ ਦੇ ਵਿਰੋਧੀ ਹੈ । ਪਰ ਉਨ੍ਹਾਂ ਨੂੰ ਜਾਤ-ਪਾਤ ਖਤਮ ਕਰਨ ਦਾ ਜ਼ਿਆਦਾ ਫਿਕਰ ਨਹੀਂ ਕਿਉਂਕਿ ਇਹ ਸਰਮਾਏਦਾਰ ਕਿਸਾਨੀ ਦੇ ਹਿੱਤ ਵਿਚ ਹੀ ਜਾਂਦੀ ਹੈ । ਉਹ ਮਜ਼ਦੂਰੀ ਦੇ ਮਸਲੇ 'ਤੇ ਖੇਤ ਮਜ਼ਦੂਰਾਂ ਨੂੰ ਸਰਮਾਏਦਾਰ ਕਿਸਾਨਾਂ ਨਾਲ ਲੜਾਉਣ ਦੇ ਖਿਲਾਫ਼ ਹਨ । ਉਨ੍ਹਾਂ ਨੇ ਖੇਤ ਮਜ਼ਦੂਰਾਂ ਦੇ ਅਜਿਹੇ ਮਸਲਿਆਂ ਦੀ ਡਟ ਕੇ ਹਿਮਾਇਤ ਕੀਤੀ ਜਿਨ੍ਹਾਂ ਦਾ ਸਿੱਧਾ ਸਬੰਧ ਸਰਕਾਰ ਨਾਲ ਹੈ । ਜਦੋਂ ਲੌਂਗੋਵਾਲ ਨੇ ਕਿਸਾਨਾਂ ਨੂੰ ਨਸੀਹਤ ਦਿੰਦੇ ਹੋਏ ਇਹ ਕਿਹਾ ਕਿ ਜੇ ਕਿਸਾਨ ਖੇਤ ਮਜ਼ਦੂਰਾਂ ਦੀ ਪੰਜ ਪੈਸੇ ਮਦਦ ਕਰਦੇ ਹਨ ਤਾਂ ਖੇਤ ਮਜ਼ਦੂਰ ਉਨ੍ਹਾਂ ਦੀ ਜਵਾਬੀ ਮਦਦ ਦਸ ਪੈਸੇ ਕਰਦੇ ਹਨ ਤਾਂ ਉਸ ਨੇ ਅਸਿੱਧੇ ਰੂਪ ਵਿਚ ਮਜ਼ਦੂਰੀ ਦੇ ਮਸਲੇ ਦੀ ਗੱਲ ਛੇੜੀ । ਇਸ ਗਲ ਦੇ ਦੋ ਮਤਲਬ ਨਿਕਲਦੇ ਹਨ : (i) ਉਸ ਨੇ ਕਿਸਾਨਾਂ ਨੂੰ ਨਸੀਹਤ ਦਿਤੀ ਕਿ ਉਹ ਆਪਣੀ ਕਮਾਈ ਖੇਤ ਮਜ਼ਦੂਰਾਂ ਨਾਲ ਸਾਂਝੀ ਕਰਦੇ ਰਿਹਾ ਕਰਨ ਤਾਕਿ ਇਨ੍ਹਾਂ ਨੂੰ ਕਾਂਗਰਸ (ਆਈ) ਤੋਂ ਤੋੜਿਆ ਜਾ ਸਕੇ । (ii) ਉਸ ਨੇ ਕਿਸਾਨਾਂ ਨੂੰ ਖੇਤ ਮਜ਼ਦੂਰਾਂ ਦਾ ਵਿਸ਼ਵਾਸ਼ਪਾਤਰ (trustee) ਮੰਨਿਆ । ਦੂਸਰੇ ਸ਼ਬਦਾਂ ਵਿਚ ਉਹ ਖੇਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਮਸਲੇ ਹੱਲ ਕਰਵਾਉਣ ਲਈ ਸਰਮਾਏਦਾਰ ਕਿਸਾਨੀ ਦੇ ਅਖਾਉਤੀ ਉਦਾਰ ਵਤੀਰੇ 'ਤੇ ਛੱਡ ਦਿੰਦਾ ਹੈ । ਪਰ ਸਰਮਾਏਦਾਰ ਕਿਸਾਨ ਜਿਹੜੇ ਕਿ ਪੇਂਡੂ ਮਜ਼ਦੂਰੀ ਦੇ ਵੱਡੇ ਹਿੱਸੇ ਨੂੰ ਖਰੀਦਦੇ ਹਨ, ਦੀ ਸ਼ਿਕਾਇਤ ਹੈ ਕਿ ਅਜ ਕਲ ਖੇਤ ਕਾਮੇ ਉਨਾਂ ਦੇ ਕਹਿਣੇ ਵਿਚ ਨਹੀਂ ਰਹੇ ਅਤੇ ਨਾ ਹੀ ਉਨੀ ਈਮਾਨਦਾਰੀ ਨਾਲ ਕੰਮ ਕਰਦੇ ਹਨ ਜਿਨੀ ਨਾਲ ਉਹ ਪਹਿਲਾਂ ਕਰਦੇ ਹੁੰਦੇ ਸਨ ।

(ਅ) ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਉਹਨਾਂ ਨੂੰ ਜ਼ਮੀਨ ਦੇ ਕੇ ਨਹੀਂ ਬਲਕਿ ਸੂਬੇ ਦੀ ਉਦਯੋਗਿਕ ਤਰੱਕੀ ਦੁਆਰਾ ਰੁਜ਼ਗਾਰ ਦੇ ਪੱਕੇ ਮੌਕੇ ਪੈਦਾ ਕਰ ਕੇ ਹੀ ਹੋ ਸਕਦਾ ਹੈ । ਦਲ ਪਿੰਡਾਂ ਵਿਚ ਏਕਤਾ ਅਤੇ ਸ਼ਾਂਤੀ ਪੈਦਾ ਕਰਨ ਲਈ ਸੂਬੇ ਦੀ ਉਦਯੋਗਿਕ ਤਰੱਕੀ ਚਾਹੁੰਦਾ ਹੈ । ਸੂਬੇ ਦੀ ਉਦਯੋਗਿਕ ਤਰੱਕੀ ਖ਼ੁਦਮੁਖਤਾਰੀ ਲਈ ਕੇਂਦਰੀ ਸਰਕਾਰ ਦੇ ਵਿਰੁਧ ਸੰਘਰਸ਼ 'ਤੇ ਨਿਰਭਰ ਕਰਦੀ ਹੈ ਅਤੇ ਇਹ ਸੰਘਰਸ਼ ਪਿੰਡਾਂ ਵਿਚ ਏਕਤਾ ਅਤੇ ਸ਼ਾਂਤੀ 'ਤੇ ਨਿਰਭਰ ਕਰਦਾ ਹੈ । ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਦਲ ਸਿੱਖ ਅਨੁਸੂਚਿਤ ਜਾਤਾਂ ਵਾਸਤੇ ਧਰਮ ਪ੍ਰਚਾਰ ਸੈਲ ਵੀ ਸਥਾਪਤ ਕਰੇਗਾ ।

(ੲ) ਪਿੰਡਾਂ ਵਿਚ ਅਕਾਲੀਆਂ ਅਤੇ ਕਮਿਊਨਿਸਟਾਂ ਵਿਚਾਲੇ ਖੇਤ ਮਜ਼ਦੂਰਾਂ ਦੇ ਮਸਲਿਆਂ 'ਤੇ ਲਗਭਗ ਕੋਈ ਟੱਕਰ ਨਹੀਂ ਹੈ । ਇਥੋਂ ਤਕ ਕਿ ਕੁਝ ਕੁ ਸੀ. ਪੀ. ਆਈ. ਅਤੇ ਸੀ.ਪੀ. ਐਮ. ਲੀਡਰਾਂ ਨੂੰ ਤਾਂ ਇਸ ਕਨਵੈਨਸ਼ਨ ਵਿਚ ਸ਼ਾਮਲ ਹੋਣ ਦਾ ਸੱਦਾ ਵੀ ਭੇਜਿਆ ਗਿਆ, ਭਾਵੇਂ ਉਨ੍ਹਾਂ ਦਾ ਇਕ ਵੀ ਲੀਡਰ ਇਸ ਵਿਚ ਸ਼ਾਮਲ ਨਹੀਂ ਹੋ ਸਕਿਆ । ਕਨਵੈਨਸ਼ਨ ਵਿਚ ਇਕ ਵੀ ਸ਼ਬਦ ਕਿਸੇ ਅਕਾਲੀ ਲੀਡਰ ਨੇ ਕਮਿਊਨਿਸਟਾਂ ਦੇ ਉਲਟ ਆਪਣੇ ਮੂੰਹੋਂ ਨਹੀਂ ਕਢਿਆ । ਇਸ ਟੱਕਰ ਦੇ ਨਾ ਹੋਣ ਦੇ ਦੋ ਮੁੱਖ ਕਾਰਨ ਹਨ : (i) ਟੱਕਰ ਮੁੱਖ ਤੌਰ 'ਤੇ ਦੋ ਮਸਲਿਆਂ 'ਤੇ ਹੀ ਹੋ ਸਕਦੀ ਹੈ—ਬੇਜ਼ਮੀਨਿਆਂ



ਨੂੰ ਜ਼ਮੀਨ ਅਤੇ ਖੇਤ ਮਜ਼ਦੂਰਾਂ ਨੂੰ ਵੱਧ ਮਜ਼ਦੂਰੀ ਅਤੇ ਹੋਰ ਸਬੰਧਤ ਸਹੂਲਤਾਂ । ਪਹਿਲਾ ਮਸਲਾ ਕੁਝ ਕਾਰਨਾਂ ਕਰਕੇ ਪੰਜਾਬ ਵਿਚ ਆਪਣੀ ਉਮਰ ਭੋਗ ਚੁਕਿਆ ਹੈ ।[2] ਦੂਸਰੇ ਮਸਲੇ 'ਤੇ ਕਮਿਊਨਿਸਟਾਂ ਦੀਆਂ ਖੇਤ ਮਜ਼ਦੂਰ ਜਥੇਬੰਦੀਆਂ ਸਰਮਾਏਦਾਰ ਕਿਸਾਨੀ ਨਾਲ ਟੱਕਰ ਲੈਣ ਤੋਂ ਝਿਜਕਦੀਆਂ ਹਨ । ਇਸ ਗੁੰਝਲ ਨੂੰ ਉਹ ਦੋ ਮੰਗਾਂ 'ਤੇ ਸਰਕਾਰ ਦੇ ਖਿਲਾਫ਼ ਸੰਘਰਸ਼ ਕਰ ਕੇ ਹੱਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ।[3] ਪਹਿਲੀ ਮੰਗ ਹੈ ਖੇਤ ਮਜ਼ਦੂਰਾਂ ਦੀ ਉਜਰਤ ਅਤੇ ਹੋਰ ਸਬੰਧਤ ਮਸਲਿਆਂ ਸਬੰਧੀ ਕਾਨੂੰਨ ਪਾਸ ਕਰਵਾਉਣਾ ਅਤੇ ਉਸ ਕਾਨੂੰਨ ਨੂੰ ਲਾਗੂ ਕਰਨ ਲਈ ਮਸ਼ੀਨਰੀ ਸਥਾਪਿਤ ਕਰਵਾਉਣਾ । ਦੂਸਰੀ ਹੈ ਆਪਣੇ ਆਪ ਵਾਸਤੇ ਰੁਜ਼ਗਾਰ ਪੈਦਾ ਕਰਨ ਲਈ ਖੇਤ ਮਜ਼ਦੂਰਾਂ ਨੂੰ ਵਿਆਜ-ਰਹਿਤ ਕਰਜ਼ੇ ਦਿਵਾਉਣਾ ।

(ii) ਅਕਾਲੀ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਮੁੱਖ ਟੱਕਰ ਸ਼ਹਿਰੀ ਬੁਰਜੂਆਜ਼ੀ ਅਤੇ ਉਸ ਦੀ ਨੁਮਾਇੰਦਾ ਪਾਰਟੀਆਂ ਨਾਲ ਸਮਝਦੇ ਹਨ । ਭਾਵੇਂ ਕਮਿਊਨਿਸਟਾਂ ਦੀ ਸੋਚ ਦੇ ਸਿਧਾਂਤਕ ਪੱਖੋਂ ਇਸ ਸੋਚ ਨਾਲੋਂ ਕਈ ਵਖਰੇਵੇਂ ਹਨ ਪਰ ਅਮਲ ਵਿਚ ਬਹੁਤ ਹੱਦ ਤਕ ਇਹ ਇਕ ਦੂਜੇ ਨਾਲ ਮਿਲਦੀਆਂ ਹਨ ।

---

1. ਲੌਂਗੋਵਾਲ, ਸੰਤ ਹਰਚੰਦ ਸਿੰਘ, "ਸਦੀਆਂ ਤੋਂ ਲੁੱਟੀ ਤੇ ਲਿਤਾੜੀ ਜਾ ਰਹੀ ਕੌਮ ਦਾ ਨਾਮ ਹਰੀਜਨ ਹੈ ।" ਸਫਾ 4-5 (ਇਹ ਪੈਂਮਫਲੈਟ ਕਨਵੈਨਸ਼ਨ ਵਿਚ ਵੰਡਿਆ ਗਿਆ ਸੀ; ਇਸ ਲੇਖ ਵਿਚ ਬਾਕੀ ਦੀਆਂ ਟੂਕਾਂ ਵੀ ਏਸੇ ਪੈਂਮਫਲੈਟ ਵਿਚੋਂ ਹਨ)

2. ਕਾਰਨਾਂ ਦੇ ਵੇਰਵੇ ਲਈ ਦੇਖੋ :

(i) Azad, Nirmal S. Agrarian Production Relations in Punjab," Mainstream, May 2, 1981, p. 18

(ii) ਸਿੰਘ, ਏ. ਪੀ. 'ਪੰਜਾਬ ਖੇਤ ਮਜ਼ਦੂਰ ਸਭਾ ਅਤੇ ਖੇਤ ਮਜ਼ਦੂਰ' ਸੇਧ, ਦਸੰਬਰ 80, ਸਫਾ 57

3. ਇਹ ਦੋ ਮੰਗਾਂ ਅੱਜ ਕਲ ਪੰਜਾਬ ਅਤੇ ਮਜ਼ਦੂਰ ਸਭਾ ਅਤੇ ਪੰਜਾਬ ਦਿਹਾਤੀ ਮਜ਼ਦੂਰ ਸਭਾ ਦੀਆਂ ਮੁੱਖ ਮੰਗਾਂ ਵਿਚੋਂ ਹਨ ।

---

## ਸੇਧ ਸਹਾਇਤਾ ਫੰਡ

ਕਨੈਡਾ ਤੋਂ ਜਿਹਨਾਂ ਸਜਣਾਂ ਨੇ ਸ: ਪਰਮਿੰਦਰ ਸਿੰਘ ਟਿਵਾਣਾ 'ਪਪੂ' ਰਾਹੀਂ ਸੇਧ ਨੂੰ ਸਹਾਇਤਾ ਵਜੋਂ ਮਾਇਆ ਭੇਜੀ ਹੈ. ਅਦਾਰਾ ਸੇਧ ਉਹਨਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹੈ । ਸਾਨੂੰ ਆਸ ਹੀ ਨਹੀਂ, ਬਲਕਿ ਵਿਸ਼ਵਾਸ਼ ਵੀ ਹੈ ਕਿ ਉਹ ਸਜਣ ਇਸ ਸੇਧ-ਬਚਾਓ ਮੁਹਿੰਮ ਨੂੰ ਭਖਦਿਆਂ ਰਖਣਗੇ ਅਤੇ ਆਪਣੀ ਵਿਤੋਂ-ਬਾਹਰਾ ਸਹਿਯੋਗ ਸੇਧ ਨੂੰ ਦੇਂਦੇ ਰਹਿਣਗੇ । ਸ਼ਾਲਾ, ਹਿੰਮਤਾਂ ਕਾਇਮ ਰਹਿਣ !

ਅਦਾਰਾ ਸੇਧ

---

## ਸਾਹਿਤ ਸਭਾਵਾਂ/ਲਿਖਾਰੀ ਕੇਂਦਰਾਂ ਲਈ ਖਾਸ ਰਿਆਇਤ

ਦਸ ਮੈਂਬਰ ਪੰਦਰਾਂ ਪੰਦਰਾਂ ਰੁਪੈ ਅਤੇ ਵੀਹ ਮੈਂਬਰ ਸਾਢੇ ਬਾਰਾਂ ਬਾਰਾਂ ਰੁਪੈ ਇਕਠੇ ਕਰ ਕੇ, ਸਾਨੂੰ ਰਕਮ ਯਕਮੁਸ਼ਤ ਭੇਜ ਕੇ ਸਾਲ ਭਰ ਸੇਧ ਪ੍ਰਾਪਤ ਕਰ ਸਕਦੇ ਹਨ । ਹਰ ਮਹੀਨੇ ਪਰਚੇ ਦੀਆਂ ਕਾਪੀਆਂ ਇਕ ਐਡਰੈਸ 'ਤੇ ਪੈਕਟ ਦੀ ਸ਼ਕਲ ਵਿਚ ਭੇਜੀਆਂ ਜਾਣਗੀਆਂ । —ਮਨੇਜਰ ਸੇਧ

ਨਿਘਾਰ ਦੇ ਰਾਹ ਪਿਆ

## "ਨਾਟਕਕਾਰ ਦਾ ਰੰਗ ਮੰਚ"

ਕੁਝ ਸਾਲ ਹੋਏ ਗੁਰਚਰਨ ਸਿੰਘ ਜਾਸੂਜਾ ਦਾ ਉਪਰੋਕਤ ਨਾਟਕ ਦਿੱਲੀ ਦੀ ਇਕ ਸਟੇਜ ਉਤੇ ਦੇਖਣ ਦਾ ਮੌਕਾ ਮਿਲਿਆ ਸੀ। ਇਸ ਨਾਟਕ ਅਤੇ ਇਹਦੀ ਪੇਸ਼ਕਾਰੀ ਦਾ ਜੋ ਵਧੀਆ ਪਰਭਾਵ ਮਨ ਉਤੇ ਉਸ ਵੇਲੇ ਪਿਆ ਸੀ, ਉਹ ਹੁਣ ਤਕ ਕਾਇਮ ਸੀ। ਪਰ ਇਹੀ ਨਾਟਕ ਜਦੋਂ ਸਾਹਿਤ ਕਲਾ ਸੰਗਮ ਅਤੇ ਓਲਡ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਕੀਤੇ ਗਏ ਗਿਆਨੀ ਲਾਲ ਸਿੰਘ ਜੀ ਦੇ ਸਨਮਾਨ ਸਮਾਰੋਹ ਦੇ ਮੌਕੇ ਉਤੇ ਪਿਛਲੇ ਦਿਨੀਂ ਦੇਖਿਆ ਤਾਂ ਬਹੁਤ ਨਿਰਾਸ਼ਾ ਹੋਈ। ਇੰਜ ਲਗਿਆ ਜਿਵੇਂ ਦਿੱਲੀ ਵਿਚ ਖੇਡੇ ਜਾਂਦੇ ਘਟੀਆ ਪੱਧਰ ਦੇ ਪੰਜਾਬੀ ਨਾਟਕਾਂ ਦਾ ਇਹਦੇ ਉਤੇ ਵੀ ਅਸਰ ਹੋ ਗਿਆ ਹੋਵੇ, ਜਾਂ, ਜਿਵੇਂ ਨਿਰਦੇਸ਼ਕ ਮਾਥੁਰ ਨੂੰ ਇਹ ਅਹਿਸਾਸ ਮਾਰ ਗਿਆ ਹੋਵੇ ਕਿ ਉਹ "ਚੜ੍ਹੀ ਜਵਾਨੀ ਬੁੱਢੇ ਨੂੰ" ਵਰਗਾ ਘਟੀਆ ਮਖ਼ੌਲਬਾਜ਼ੀ, ਚੁਟਕਲੇਬਾਜ਼ੀ ਤੇ ਲਿੰਗਕ ਹਰਕਤਾਂ ਵਾਲਾ ਕੋਈ ਨਾਟਕ ਖਿਡਾ ਰਿਹਾ ਹੈ।

ਨਾਟਕ ਦੇ ਆਰੰਭ ਵਿਚ ਸੂਤਰਧਾਰਾਂ ਨੇ ਬਹੁਤ ਸਾਰੀ ਬੇਲੋੜੀ ਖੱਪ ਪਾਈ ਅਤੇ ਅਸਲ ਨਾਟਕ ਦੀ ਜਾਣ-ਪਛਾਣ ਕਰਾਉਣ ਤੇ ਦਰਸ਼ਕਾਂ ਨੂੰ ਨਾਟਕ ਸੰਬੰਧੀ ਸੇਧ ਦੇਣ ਦੀ ਥਾਂ ਮਾਥੁਰ ਅਤੇ ਉਹਦੇ ਖਿਡਵਾਏ ਹੋਏ ਘਟੀਆ ਪੱਧਰ ਦੇ ਉਹਨਾਂ ਨਾਟਕਾਂ ਦਾ ਹੀ ਪਰਚਾਰ ਕੀਤਾ ਜਿਨ੍ਹਾਂ ਦਾ ਅਸਰ ਖਤਮ ਕਰਨ ਲਈ ਅਤੇ ਬਦਲ ਵਜੋਂ ਚੰਗੇ ਨਾਟਕ ਪੇਸ਼ ਕਰਨ ਲਈ ਸੁਹਿਰਦ ਸਾਹਿਤਕ ਹਲਕਿਆਂ ਵਲੋਂ ਜਤਨ ਕੀਤੇ ਜਾ ਰਹੇ ਹਨ। ਸਟੇਜ ਉਤੇ ਸੂਤਰਧਾਰਾਂ ਦਾ ਫਜ਼ੂਲ ਦੀਆਂ ਟਪੂਸੀਆਂ ਮਾਰਨਾ ਤੇ ਗੱਲ ਨੂੰ ਬੇ-ਵਜ੍ਹਾ ਲਮਕਾਉਣਾ ਦਰਸ਼ਕਾਂ ਨੂੰ ਬਹੁਤ ਅਖਰਿਆ।

ਬੇਲੋੜੇ ਤੇ ਅਢੁੱਕਵੇਂ ਪਰਚਾਰ ਦੀ ਰੁਚੀ ਬਾਅਦ ਵਿਚ ਵੀ ਦੇਖਣ ਵਿਚ ਆਈ ਜਦੋਂ ਮੇਅਰ ਨੰ: 2 ਦੀ ਪਤਨੀ (ਵੀਨਾ ਗੌੜ) ਨਿਸ਼ਾ ਨੂੰ ਪੁਛਦੀ ਕਿ ਉਹ ਆਪਣੇ ਗੱਭਰੂ ਨੂੰ ਨਾਲ ਕਿਉਂ ਨਹੀਂ ਲਿਆਈ ਤਾਂ ਨਿਸ਼ਾ ਅੱਗੋਂ ਜਵਾਬ ਦਿੰਦੀ ਹੈ ਕਿ ਉਹ ਨਾਟਕ "ਚੜ੍ਹੀ ਜਵਾਨੀ ਬੁੱਢੇ ਨੂੰ" ਦੇਖਣ ਗਏ ਨੇ। ਤੇ ਵੀਨਾ ਗੌੜ ਇਸ ਜਵਾਬ ਨੂੰ ਦੋ ਤਿੰਨ ਵਾਰ ਦੁਹਰਾਉਂਦੀ ਹੈ। ਵਾਰਤਾਲਾਪ ਦੀ ਬੇਲੋੜੀ ਦੁਹਰਾਈ ਉਹ ਉਦੋਂ ਵੀ ਕਰਦੀ ਹੈ ਜਦੋਂ ਦੇਖਦੀ ਹੈ ਕਿ ਉਸ ਦੇ ਖਾਸ ਵਾਰਤਾਲਾਪ ਉਤੇ ਦਰਸ਼ਕ ਵਧੇਰੇ ਤਾੜੀਆਂ ਮਾਰ ਰਹੇ ਹਨ। ਮਿਸਾਲ ਵਜੋਂ, ਉਹਦਾ ਰੋ ਰੋ ਕੇ (ਅਸਲ ਵਿਚ ਉਹ ਹਸਦੀ ਹੋਈ ਸਾਫ਼ ਨਜ਼ਰ ਆ ਰਹੀ ਸੀ ਤੇ ਹਾਲ ਵਿਚ ਬੈਠਾ ਇਕ ਬੱਚਾ ਕਹਿ ਰਿਹਾ ਸੀ—ਦੇਖੋ ਡੈਡੀ, ਹੱਸੀ ਜਾਂਦੀ ਐ।) ਵਾਰ ਵਾਰ ਇਹ ਕਹਿਣਾ—"ਹਾਇ ਰੱਬਾ, ਮੇਰਾ ਇਸ ਘਰ ਵਿਚ ਕੋਈ ਨਹੀਂ......"

ਇਸ ਨਾਟਕ ਦਾ ਨਿਰਦੇਸ਼ਨ ਮਾੜਾ ਨਹੀਂ, ਅਦਾਕਾਰਾਂ ਦੀ ਅਦਾਕਾਰੀ ਮਾੜੀ ਨਹੀਂ, ਪ੍ਰਕਾਸ਼-



ਪਰਬੰਧ, ਸੰਗੀਤ ਤੇ ਮੇਕ-ਅਪ ਵੀ ਸ਼ਲਾਘਾਯੋਗ ਹਨ, ਪਰ ਵਧੇਰੇ ਪਰਭਾਵ ਇਹੀ ਪੈਂਦਾ ਹੈ ਜਿਵੇਂ ਇਸ ਵਧੀਆ ਨਾਟਕ ਦਾ ਸਹਾਰਾ ਲੈ ਕੇ ਸਪਰੂ ਹਾਊਸ ਦੀ ਸਟੇਜ ਉਤੇ ਆਮ ਦਿਖਾਏ ਜਾਂਦੇ ਘਟੀਆ ਪੱਧਰ ਦੇ ਨਾਟਕਾਂ ਦਾ ਪਰਚਾਰ ਕਰਨ ਦੀ ਤੇ ਇਸ ਨਾਟਕ ਨੂੰ ਉਹਨਾਂ ਨਾਟਕਾਂ ਦੇ ਪੱਧਰ ਉਤੇ ਨੀਵਾਂ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੋਵੇ।

ਉਦਾਹਰਣ ਦੇ ਪੱਖ ਤੋਂ ਵੀਨਾ ਗੌੜ (ਭਾਵੇਂ ਗ਼ੈਰ-ਪੰਜਾਬੀ ਹੈ, ਪਰ ਪੰਜਾਬੀ ਦੇ ਉਚਾਰਣ ਵਿਚ ਪੰਜਾਬੀਆਂ ਨਾਲੋਂ ਚੰਗੀ ਰਹੀ), ਗੁਰਵਿੰਦਰ, ਮਦਨ ਸ਼ਰਮਾ, ਆਦਿ ਇੱਕਾ-ਦੁੱਕਾ ਨੂੰ ਛੱਡ ਕੇ ਸਭਨਾਂ ਅਦਾਕਾਰਾਂ ਦਾ ਉਚਾਰਣ ਇਸ ਤਰ੍ਹਾਂ ਦਾ ਹੈ, ਜਿਵੇਂ ਪੰਜਾਬੀ ਦੀ ਵਾਰਤਾਲਾਪ ਹਿੰਦੀ ਵਿਚ ਕਰ ਰਹੇ ਹੋਣ। ਇਹਦਾ ਵੱਡਾ ਕਾਰਨ ਸ਼ਾਇਦ ਇਹ ਹੈ ਕਿ ਨਾਟਕ ਦਾ ਨਿਰਦੇਸ਼ਕ ਆਪ ਗ਼ੈਰ-ਪੰਜਾਬੀ ਹੈ।

ਪਹਿਲਾਂ ਇਸ ਨਾਟਕ ਵਿਚ ਇਕ ਇਸਤਰੀ ਮੇਅਰ ਦਾ ਰੋਲ ਵੀ ਸੀ। ਪਰ ਹੁਣ ਉਹ ਸਾਰਾ ਦ੍ਰਿਸ਼ ਕੱਢ ਦਿਤਾ ਗਿਆ ਹੈ, ਸ਼ਾਇਦ ਇਸ ਡਰ ਨਾਲ ਕਿ ਉਹ ਕਿਸੇ ਰਾਜਨੀਤਕ ਹਸਤੀ ਨਾਲ ਮੇਲ ਨਾ ਖਾ ਜਾਏ। ਪਰ ਇਸ ਗੱਲ ਦੀ ਉੱਕੀ ਹੀ ਸੰਭਾਵਨਾ ਨਹੀਂ ਸੀ। ਉਂਜ ਇਹ ਸੰਜੋਗ 'ਆਂਧੀ' ਫਿਲਮ ਵਿਚ ਵਾਪਰੇ ਸੰਜੋਗ ਨਾਲੋਂ ਵੱਡਾ ਨਹੀਂ ਹੋ ਸਕਦਾ।

ਖ਼ੈਰ, ਨਾਟਕ ਜਿਨਾ ਇਸ ਵੇਲੇ ਹੈ, ਉਹ ਵੀ ਆਪਣੇ ਆਪ ਵਿਚ ਅਧੂਰਾ ਨਹੀਂ। ਜੇ ਕੋਈ ਕਸਰ ਹੈ ਤਾਂ ਉਹੀ ਜਿਸ ਦਾ ਜ਼ਿਕਰ ਉਪਰ ਕੀਤਾ ਜਾ ਚੁੱਕਿਆ ਹੈ। ਇਹਦੇ ਲਈ ਨਾਟਕਕਾਰ ਗੁਰਚਰਨ ਸਿੰਘ ਜਾਸੂਜਾ ਅਤੇ ਦੂਜੇ ਗੰਭੀਰ ਨਾਟਕਕਾਰਾਂ ਤੇ ਦਰਸ਼ਕਾਂ ਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਕਿਤੇ ਇਹ ਨਾ ਹੋਵੇ ਕਿ ਹੋਲੀ ਹੋਲੀ ਇਹ ਨਾਟਕ ਵੀ ਉਹਨਾਂ ਨਾਟਕਾਂ ਦੀ ਕਤਾਰ ਵਿਚ ਜਾ ਖੜੋਵੇ, ਜਿਨ੍ਹਾਂ ਨੂੰ ਸਿਆਣਾ ਦਰਸ਼ਕ ਦੇਖਣਾ ਪਸੰਦ ਨਹੀਂ ਕਰਦਾ। — **ਜਗਦੀਸ਼ ਕੌਸ਼ਲ**

---

## ਸਿੱਖ ਇਨਕਲਾਬ ਦਾ ਮੋਢੀ—ਗੁਰੂ ਨਾਨਕ

### ਕਿਸ਼ਨ ਸਿੰਘ

"ਗੁਰਬਾਣੀ ਅਸਲੀ ਤੇ ਨਕਲੀ ਵਿਦਿਆ ਦਾ ਨਿਖੇੜ ਕਰਦੀ ਹੈ। ਇਸ ਨਿਖੇੜ ਦਾ ਪੈਮਾਨਾ ਵੀ ਉਹ ਹੀ ਹੈ ਜੋ ਗੁਰਮੁਖ ਤੇ ਮਨਮੁਖ ਦਾ, ਹਲਾਲ ਤੇ ਹਰਾਮ ਦਾ ਹੈ। ਗੁਰਬਾਣੀ ਵਿਦਿਆ ਤੋਂ ਮਤਲਬ ਅਖਰ ਪੜ੍ਹਨਾ ਜਾਂ ਪੋਥੀਆਂ ਵਾਚਣਾ ਨਹੀਂ ਲੈਂਦੀ। ਉਸ ਦੇ ਮੁਤਾਬਿਕ ਵਿਦਿਆ ਮਨੁੱਖ ਦੇ ਦਿਲ ਦਿਮਾਗ, ਪੂਰਨ ਸ਼ਖ਼ਸੀਅਤ ਦੀ ਵਿਦਿਆ ਹੈ। ਇਸ ਵਾਸਤੇ ਹੀ ਕਿਹਾ ਹੈ ਕਿ ਨਾਮ ਦੀ ਜੜ੍ਹ ਪਹਿਲਾਂ ਹਿਰਦੇ ਦੇ ਅੰਦਰ ਲਗਦੀ ਹੈ ਅਤੇ ਫੇਰ ਉਸ ਦੀ ਛਾਂ ਬਾਹਰ ਹੁੰਦੀ ਹੈ। ਵਿਦਿਆ ਦੀ ਅਸਲੀਅਤ, ਉਸ ਦੀ ਤਾਸੀਰ ਗੁਰਬਾਣੀ ਦੇ ਮੁਤਾਬਿਕ ਇਸ ਗਲ ਤੋਂ ਜ਼ਾਹਿਰ ਹੁੰਦੀ ਹੈ ਕਿ ਮਨੁੱਖ ਦਾ ਹਿਰਦਾ ਮਾਇਆ, ਹਉਮੈ, ਲਾਲਚ, ਹੰਕਾਰ ਆਦਿ ਮਗਰ ਜਾਂਦਾ ਹੈ ਜਾਂ ਹਲਾਲ ਤੇ ਰੱਬ ਦੇ ਰਾਹ ਮਗਰ। ਗੁਰਬਾਣੀ ਦੇ ਮੁਤਾਬਿਕ ਵਿਦਿਆ ਦਾ ਦਾਇਰਾ ਦਿਮਾਗ ਨੂੰ ਗਲ ਸਮਝਾਉਣ ਤਕ ਹੀ ਮਹਿਦੂਦ ਨਹੀਂ ਬਲਕਿ ਇਹ ਜਜ਼ਬੇ ਦੀ ਵਿਦਿਆ ਵੀ ਹੈ।"

ਗੁਰੂ ਨਾਨਕ ਦੀ ਬਾਣੀ ਕਿਵੇਂ ਸਦਾ ਰਹਿਣ ਵਾਲਾ ਲੋਕ-ਹਿਤੀ ਸੱਚ ਪ੍ਰਗਟ ਕਰਦੀ ਹੈ ਅਤੇ ਕਿਵੇਂ ਬੰਦੇ ਦੀ ਮੁਕੰਮਲ ਢਾਹੀ ਅਤੇ ਮੁੜ-ਉਸਾਰੀ ਦੀ ਲੰਮੀ ਮਨੋਵੇਗਕ ਰੀਹਰਸਲ ਕਰਵਾਉਂਦੀ ਹੈ—ਇਹਨਾਂ ਅਤੇ ਅਜਿਹੇ ਅਨੇਕਾਂ ਹੋਰ ਪ੍ਰਸ਼ਨਾਂ ਨੂੰ ਸਮਝਣ ਲਈ ਇਹ ਪੁਸਤਕ ਅੱਜ ਹੀ ਮੰਗਵਾ ਕੇ ਪੜ੍ਹੋ।

ਸਫ਼ੇ 240, ਪਕੀ ਜਿਲਦ, ਮੁੱਲ : 15 ਰੁਪੈ

o ''ਯੇ ਅੰਦਾਜ਼ੇ ਗੁਫ਼ਤਗੂ...!'' ਰਣਜੀਤ ਗਰੇਵਾਲ ਨੇ ਭਗਤ ਸਿੰਘ ਬਾਰੇ ਕੋਈ ਨਵੀਂ ਗੱਲ ਸੇਧ, ਜੂਨ ਅੰਕ ਵਿਚ ਨਹੀਂ ਕਹੀ, ਸਗੋਂ ਉਸ ਦੇ ਵਿਅਕਤਿਤਵ ਬਾਰੇ ਆਪਣੀ ਘਿਰਣਾ ਦਾ ਪਰਗਟਾਵਾ ਅਤੇ ਠੀਕ ਗੱਲਾਂ ਨੂੰ ਵੀ ਗਲਤ ਮਰੋੜਾ ਦੇਣ ਦਾ ਜਤਨ ਕੀਤਾ ਹੈ। ਮਈ ਅੰਕ ਵਿਚ ਇਸ ਸੰਬੰਧੀ ਕਹੀਆਂ ਗਈਆਂ ਮੇਰੀਆਂ ਕੁਝ ਗੱਲਾਂ ਨੂੰ ਉਹ ਬਿਲਕੁਲ ਹੀ ਨਜ਼ਰ-ਅੰਦਾਜ਼ ਕਰ ਗਿਆ ਹੈ, ਜਾਂ ਉਸ ਨੇ ਧਿਆਨ ਨਾਲ ਉਹ ਲੇਖ ਪੜ੍ਹਿਆ ਹੀ ਨਹੀਂ...ਅਤੇ 'ਤੁਰਕੀ-ਬ-ਤੁਰਕੀ' ਜਿਹਾ ਉੱਤਰ ! ਉੱਤਰ ਦੀ ਖਾਤਰ ਉੱਤਰ ਦੇਣ ਲਈ ਭਗਤ ਸਿੰਘ ਬਾਰੇ ਲਗਾਏ ਆਪਣੇ ਪੁਰਾਣੇ ਦੂਸ਼ਨਾਂ ਨੂੰ, ਔਰਤਾਂ ਦੀ ਲੜਾਈ ਜਿਹੀਆਂ ਛਿੱਬੀਆਂ ਦੇਂਦੇ ਹੋਏ, ਮੁੜ ਝਰੀਟ ਛਡਿਆ ਹੈ।

(1) ਗਰੇਵਾਲ ਨੂੰ ਇਸ ਗੱਲ ਦਾ ਦੁਖ ਹੈ ਕਿ ਭਗਤ ਸਿੰਘ ਦੀ ਸਮਾਧ ਉਤੇ ਲੋਕ ਸ਼ਰਧਾ ਨਾਲ ਕਿਉਂ ਜਾਂਦੇ ਹਨ, ਤੇ ਜਿਵੇਂ ਸਾਡੇ ਦੇਸ਼ ਵਿਚ ਰਿਵਾਜ ਹੈ, ਕੁਝ ਸ਼ਰਧਾਲੂ ਪੈਸੇ ਵੀ ਚੜ੍ਹਾਉਂਦੇ ਹਨ। ਮੈਂ ਇਸ ਸੰਬੰਧ ਵਿਚ ਪੁਛਿਆ ਸੀ ਮਾਸਕੋ ਵਿਚ ਲੈਨਿਨ ਦੀ ਸਮਾਧ ਉਤੇ ਵੀ ਲੋਕ ਘੰਟਿਆਂ-ਬਧੀ ਕਤਾਰ ਵਿਚ ਖੜੇ ਹੋ ਕੇ ਲੈਨਿਨ ਦੇ ਦਰਸ਼ਨਾਂ ਦਾ ਨਿੱਤ-ਨੇਮ ਪੂਰਾ ਕਰਦੇ ਹਨ; ਇਕ ਅਜਿਹੇ ਦੇਸ਼ ਵਿਚ ਜਿਥੇ ਸਮਾਜਵਾਦ ਸਥਾਪਤ ਹੋਇਆਂ ਵੀ, ਕਿਹਾ ਜਾਂਦਾ ਹੈ, ਢੇਰ ਸਾਲ ਹੋ ਚੁਕੇ ਹਨ। ਅਜਿਹੀ ਲੋਕ-ਬਿਰਤੀ ਬਾਰੇ ਮੈਂ ਤਾਂ ਵਿਆਖਿਆ ਦਿਤੀ ਸੀ, ਪਰ ਗਰੇਵਾਲ ਮੁੜ ਆਪਣੀ ਪੁਰਾਣੀ ਗੱਲ ਹੀ ਦੁਹਰਾ ਗਿਆ ਅਤੇ ਲਗਦੇ ਹੱਥ ਮੈਨੂੰ ਵੀ ਛਾਂਦਾ ਦੇ ਗਿਆ। ''...ਭਗਤ ਸਿੰਘ ਦੀ ਸਮਾਧ ਬਾਰੇ ਸੋਢੀ ਨੂੰ ਕੋਈ ਚਿੰਤਾ ਹੀ ਨਹੀਂ। ਹੋਵੇ ਵੀ ਕਿਉਂ ? ਜਿਥੇ ਹੋਰ ਭਗਤ ਸਿੰਘ ਖੋਜ ਕਮੇਟੀ, ਭਗਤ ਸਿੰਘ ਯਾਦਗਾਰ ਕਮੇਟੀ ਆਦਿ ਬਣੀਆਂ ਹਨ, ਉਥੇ ਉਹਨਾਂ ਲਈ ਭਗਤ ਸਿੰਘ ਫੰਡ ਸੰਭਾਲ ਕਮੇਟੀ ਬਣਾਏ ਜਾਣ ਬਾਰੇ ਇਕ ਹੋਰ ਸੁਨਹਿਰੀ ਮੌਕਾ ਹੱਥ ਲਗ ਰਿਹਾ ਹੈ। ਫਿਰ ਇਸ ਨੂੰ ਖੁੰਝਣ ਕਿਉਂ ਦਿਤਾ ਜਾਵੇ ?'' (ਸੇਧ, ਜੂਨ, ਪੰਨਾ 60) ਇਹ ਹੈ ਗਰੇਵਾਲ ਦਾ ਇਕ ਸਿਧਾਂਤਕ ਬਹਿਸ ਵਿਚ ਪਲੇਠੀ ਦਾ ਭਾਗ ਲੈਣ ਦਾ ਪੱਧਰ ! 'ਇਸ ਸਾਦਗੀ ਪੇ ਕੋਈ ਕਿਉਂ ਨਾ ਮਰ ਜਾਏ ਐ ਖ਼ੁਦਾ !'

(2) ''ਸੋਢੀ ਫੜ੍ਹ ਮਾਰਦਾ ਹੈ ਕਿ ਭਗਤ ਸਿੰਘ ਤੇ ਉਸ ਦਾ ਸਾਥੀ ਬੰਬ ਸੁਟ ਕੇ ਨੱਸੇ ਨਹੀਂ, ਜਦ ਕਿ ਉਹ ਨੱਸ ਵੀ ਸਕਦੇ ਸਨ...'' (ਉਪਰੋਕਤ, ਪੰਨਾ 61); ਗਰੇਵਾਲ ਸਾਹਿਬ ਨੂੰ ਹੁਣ ਕੌਣ ਸਮਝਾਏ ਕਿ ਇਹ ''ਫੜ੍ਹ'' ਸੋਢੀ ਨਹੀਂ ਮਾਰਦਾ, ਸਗੋਂ ਅਜੈ ਘੋਸ਼ ਤੋਂ ਲੈ ਕੇ ਸੋਹਨ ਸਿੰਘ ਜੋਸ਼ ਤਕ ਸਭਨਾਂ ਲੇਖਕਾਂ ਨੇ ਮਾਰੀ ਹੈ। ਇਸ ਵਿਚ ਸੋਢੀ ਨੇ ਫੜ੍ਹ ਕੀ ਮਾਰਨੀ ਹੈ ? ਇਹ ਤਾਂ ਉਹ ਗੱਲ ਹੋਈ : 'ਅਖੇ ਮੈਂ ਤੇਰੀ ਭੈਣ ਦੇ ਵਿਆਹ ਵਿਚ ਭੱਜਾ ਫਿਰਾਂ।' ਅਗਲਾ ਕਹਿੰਦਾ 'ਭੱਜਾ ਫਿਰ, ਜਿਥੇ ਹੋਰ ਸਭ ਭੱਜੇ ਫਿਰਨਗੇ...'



(3) ਭਗਤ ਸਿੰਘ ਬਾਰੇ ਤਾਨਾਸ਼ਾਹ ਹੋਣ ਦੇ ਇਲਜ਼ਾਮ ਨੂੰ ਗਰੇਵਾਲ ਮੁੜ ਇਸ ਤਰ੍ਹਾਂ ਪੜਤਾਲਦਾ ਹੈ : ''ਆਓ ਇਸ ਨੂੰ ਮੁੜ ਤੋਂ ਪੜਤਾਲੀਏ ! ਪਹਿਲਾਂ ਇਸ ਲਹਿਰ ਦਾ ਭਵਿਖ ਹੀ ਮੁਲਾਹਜ਼ਾ ਫਰਮਾਉ, ਜਿਸ ਦਾ ਨੇਤਾ ਤਾਨਾਸ਼ਾਹ ਸੀ...।'' ਇਹ ਗੱਲ ਤਾਂ ਇਉਂ ਸ਼ੁਰੂ ਹੋਈ ਸੀ ਕਿ ਭਗਤ ਸਿੰਘ ਨੇ ਜੇਲ੍ਹ ਵਿਚ ਆਪਣੀ ਆਪਾ-ਪੜਚੋਲ ਕਰਦੇ ਹੋਏ ਇਸ ਗੱਲ ਦਾ ਉੱਤਰ ਦਿਤਾ ਸੀ ਕਿ ਉਸ ਦੇ ਕੁਝ ਸਾਥੀਆਂ ਵਲੋਂ ਉਸ ਨੂੰ ਤਾਨਾਸ਼ਾਹ ਕਹੇ ਜਾਣ ਦਾ ਦੂਸ਼ਨ ਕਿਥੋਂ ਤਕ ਸਹੀ ਹੈ। ਭਗਤ ਸਿੰਘ ਨੇ ਜੋ ਸਫਾਈ ਆਪਣੇ ਬਾਰੇ ਪੇਸ਼ ਕੀਤੀ ਉਹ ਉਸ ਦੇ ਲੇਖ ''ਮੈਂ ਨਾਸਤਕ ਕਿਉਂ ਹਾਂ ?'' ਵਿਚ ਇਤਨੀ ਸਪਸ਼ਟ ਹੈ ਕਿ ਉਸ ਨੂੰ ਪੜ੍ਹ ਕੇ ਤਸੱਲੀ ਹੋ ਜਾਣੀ ਚਾਹੀਦੀ ਹੈ ਕਿ ਉਹ ਤਾਨਾਸ਼ਾਹ ਨਹੀਂ ਸੀ, ਸਗੋਂ ਉਸ ਵਿਚ ਦਲੀਲ ਤੇ ਤਰਕ ਦਾ ਅਜਿਹਾ ਗੁਣ ਸੀ ਕਿ ਉਸ ਦੇ ਸਾਥੀਆਂ ਨੂੰ ਉਸ ਦੀ ਗੱਲ ਮੰਨਣੀ ਹੀ ਪੈਂਦੀ ਸੀ। ਏਥੋਂ ਤਕ ਕਿ ਬੰਬ ਸੁਟਣ ਦਾ ਜ਼ਿੰਮਾ ਪਹਿਲਾਂ ਹੋਰ ਕਿਸੇ ਨੂੰ ਦਿਤਾ ਗਿਆ ਸੀ, ਪਰ ਜਦ ਸੁਖਦੇਵ ਨੇ ਆਪਣੇ ਕੁਝ ਸ਼ੰਕੇ ਪਰਗਟ ਕੀਤੇ, ਤਾਂ ਭਗਤ ਸਿਘ ਨੇ ਮੁੜ ਮੀਟਿੰਗ ਬੁਲਵਾ ਕੇ ਇਹ ਫੈਸਲਾ ਮੰਨਵਾ ਲਿਆ ਕਿ ਅਸੈਂਬਲੀ ਵਿਚ ਬੰਬ ਸੁਟਣ ਲਈ ਉਹ ਜਾਏਗਾ। ਫੇਰ ਗਰੇਵਾਲ ਕਹਿੰਦਾ ਹੈ ਕਿ ''ਇਨਕਲਾਬੀ ਦਹਿਸ਼ਤ ਪਸੰਦ ਸਿਆਸੀ ਤੌਰ 'ਤੇ ਕਦੀ ਵੀ ਆਪਣੀ ਗਡੀ ਨੂੰ ਅਗਾਂਹ ਨਹੀਂ ਰੇੜ੍ਹ ਸਕੇ।'' ਲਗਦਾ ਹੈ ਗਰੇਵਾਲ ਨੇ ਭਗਤ ਸਿੰਘ ਦੀ ਸਮੁੱਚੀ ਜੀਵਨੀ ਤੇ ਉਸ ਦੇ ਲੇਖਾਂ ਤੇ ਵਿਚਾਰਾਂ ਨੂੰ ਨਹੀਂ ਪੜ੍ਹਿਆ। ਦੇਖੋ ਸੋਹਨ ਸਿੰਘ ਜੋਸ਼ ਇਸ ਬਾਰੇ ਕੀ ਲਿਖਦਾ ਹੈ : ''ਬਰਤਾਨਵੀ ਸਾਮਰਾਜਵਾਦੀਏ ਜਿਹੜੇ ਭਾਰਤ ਦੀ ਆਜ਼ਾਦੀ ਦੇ ਵੈਰੀ ਸਨ, ਇਹਨਾਂ ਨੂੰ 'ਦਹਿਸ਼ਤ ਪਸੰਦ' ਜਾਂ 'ਅਰਾਜਕਤਾਵਾਦੀਏ' ਜਿਹੇ ਨਾਂ ਦਿੰਦੇ ਸਨ, ਤਾਂ ਜੋ ਭਾਰਤੀ ਲੋਕਾਂ ਦੀਆਂ ਨਜ਼ਰਾਂ ਵਿਚ ਉਹਨਾਂ ਨੂੰ ਬਦਨਾਮ ਕੀਤਾ ਜਾਵੇ, ਇਹ ਇਨਕਲਾਬੀ ਉਹਨਾਂ ਅਰਥਾਂ ਵਿਚ ਨਾ ਹੀ ਅਰਾਜਕਤਾਵਾਦੀਏ ਸਨ ਜਿਵੇਂ ਕਿ ਇਹਨਾਂ ਸ਼ਬਦਾਂ ਨੂੰ ਯੂਰਪ ਵਿਚ ਸਮਝਿਆ ਜਾਂਦਾ ਹੈ। ਹਾਂ, ਇਹ ਉਹਨਾਂ ਦੇ ਕੁਝ ਇਕ ਰਾਜਨੀਤਕ ਵਿਚਾਰ ਜ਼ਰੂਰ ਪਰਵਾਨ ਕਰਦੇ ਸਨ। ਇਹ ਸਭ ਤੋਂ ਵਧ ਆਪਾ ਵਾਰਨ ਵਾਲੇ, ਅਤਿਅੰਤ ਈਮਾਨਦਾਰ ਅਤੇ ਭਾਰਤ ਦੀ ਮੁਕਤੀ ਦੇ ਕਾਜ਼ ਲਈ ਨਿਸ਼ਕਾਮ ਕੁਰਬਾਨੀਆਂ ਕਰਨ ਵਾਲੇ ਸਨ।'' (ਭਗਤ ਸਿੰਘ ਨਾਲ ਮੇਰੀਆਂ ਮੁਲਾਕਾਤਾਂ, 1977, ਪੰਨਾ 26, ਜ਼ੋਰ ਸਾਡਾ)। ਹੁਣ ਬਰਤਾਨਵੀ ਹਾਕਮ ਤਾਂ ਚਲੇ ਗਏ ਅਤੇ, ਲਗਦਾ ਹੈ ਕਿ 'ਦਹਿਸ਼ਤ ਪਸੰਦੀ' ਬਾਰੇ ਉਹਨਾਂ ਵਰਗੀ ਵਿਆਖਿਆ ਕਰਨ ਦਾ ਕੰਮ ਜਾਂ ਠੇਕਾ ਗਰੇਵਾਲ ਸਾਹਿਬ ਜਿਹੇ ਸੱਜਣਾਂ ਨੇ ਲੈ ਲਿਆ ਹੈ ! ਜਿਥੋਂ ਤਕ ਇਹ ਇਲਜ਼ਾਮ ਕਿ ਇਨਕਲਾਬੀ ਦਹਿਸ਼ਤ-ਪਸੰਦ ਸਿਆਸੀ ਤੌਰ 'ਤੇ ਆਪਣੀ ਗੱਡੀ ਕਦੇ ਵੀ ਨਹੀਂ ਰੇੜ੍ਹ ਸਕੇ—ਭਈ, ਤੁਸਾਂ ਦੋਵਾਂ ਪਾਰਟੀਆਂ ਵਾਲਿਆਂ ਇਹ ਗੱਡੀ ਸੁਹਣੀ ਰੇੜ੍ਹੀ ਹੈ !! 1975 ਵਿਚ ਪਾਰਟੀ ਦੀ ਗੋਲਡਨ ਜੁਬਲੀ ਮਨਾ ਚੁਕੇ ਹੋ, ਹੁਣ 1985 ਵਿਚ ਜ਼ੋਰ ਸ਼ੋਰ ਨਾਲ ਡਾਇਮੰਡ ਜੁਬਲੀ ਮਨਾਉ ਅਤੇ ਮਹਾਰਾਜ ਤੁਹਾਡਾ ਕਲਿਆਨ ਕਰੇ, ਫੇਰ ਸ਼ਾਨ ਨਾਲ ਰਿਟਾਇਰ ਹੋ ਜਾਇਉ, ਕਿਉਂਕਿ ਸੱਠ ਸਾਲ ਦੀ ਉਮਰ ਤਕ ਤੁਸਾਂ ਬੜੀ ਸ਼ਾਨਦਾਰ ਸੇਵਾ ਕੀਤੀ ਹੋਵੇਗੀ !

(4) ਹੋਰ ਹਨੇਰ ਦੇਖੋ : ''ਭਗਤ ਸਿੰਘ ਨੇ ਆਪਣੇ ਜ਼ਿੱਦੀਪਣ ਕਾਰਨ ਹੀ ਫਾਂਸੀ ਦਾ ਰੱਸਾ ਆਪਣੇ ਗ਼ਲ ਵਿਚ ਪੁਆਇਆ, ਨਾ ਕਿ ਮਾਰਕਸਿਜ਼ਮ ਦੀਆਂ ਵਿਧੀਆਂ ਲਾਗੂ ਕਰਦੇ ਹੋਏ'' (ਸੇਧ, ਜੂਨ, ਪੰਨਾ 61)।

ਭਰਾਵਾ, ਮਾਰਕਸਿਜ਼ਮ ਦੀਆਂ ਵਿਧੀਆਂ ਤਾਂ ਅਜੇ ਉਸ ਲਾਗੂ ਕਰਨੀਆਂ ਸਨ। ਆਖ਼ਰੀ ਦੋ ਸਾਲ ਜੋ ਉਸ ਨੇ ਜੇਲ੍ਹ ਵਿਚ ਕੱਟੇ, ਮਾਰਕਸਵਾਦ ਦਾ ਅਧਿਅਨ ਕਰ ਕੇ ਉਹ ਇਸ ਨਿਸ਼ਚੇ 'ਤੇ

ਪੁਜ ਚੁਕਾ ਸੀ ਕਿ ਮਾਰਕਸਵਾਦ ਹੀ ਦੇਸ਼ ਨੂੰ ਨਿਜਾਤ ਦਿਵਾ ਸਕਦਾ ਹੈ। ਬਾਕੀ ਰਹੀ ਜ਼ਿੱਦੀਪਣ ਦੀ ਗੱਲ। ਅਜਿਹਾ ਦੂਸ਼ਨ ਤਾਂ ਗਰੇਵਾਲ ਜਿਹੇ ਵੀਰ ਗੁਰੂ ਤੇਗ ਬਹਾਦਰ 'ਤੇ ਵੀ ਲਗਾਉਂਦੇ ਹਨ ਕਿ ਜੇ ਔਰੰਗਜ਼ੇਬ ਨੇ ਗੁਰੂ ਨੂੰ ਦਿੱਲੀ ਸੱਦਿਆ ਸੀ, ਤਾਂ ਉਸ ਜ਼ਰੂਰ ਮੌਤ ਕਬੂਲਣ ਲਈ ਉਥੇ ਜਾਣਾ ਸੀ ? ਨਾ ਜਾਂਦਾ, ਕਿਉਂ ਆਪਣੀ ਮੌਤ ਸਹੇੜੀ ? ਜਾਂ ਦਸਵੇਂ ਗੁਰੂ ਬਾਰੇ ਕਹਿੰਦੇ ਹਨ ਕਿ ਕਿਉਂ ਉਸ ਜ਼ਿੱਦੀਪਣ ਵਿਚ ਆ ਕੇ ਨਿਕੇ ਨਿਕੇ ਬੱਚੇ ਬਲਦੀ ਦੇ ਬੁੱਥੇ, ਜੰਗ ਵਿਚ ਤੋਰੇ ? ਗਰੇਵਾਲ ਸਾਹਿਬ, ਤੁਸਾਂ ਕੋਈ ਨਵੀਂ ਗੱਲ ਨਹੀਂ ਕਹੀ। ਤੁਹਾਡੇ ਮਿੱਤਰ ਅਜਿਹੀਆਂ ਗੱਲਾਂ ਪਹਿਲਾਂ ਵੀ ਕਹਿੰਦੇ ਰਹੇ ਹਨ।

(5) ਗਰੇਵਾਲ ਨੇ ਭਗਤ ਸਿੰਘ ਨੂੰ ਮਾਨਸਿਕ ਰੋਗੀ ਵੀ ਕਿਹਾ ਹੈ। "...ਸਰੀਰਕ ਤੇ ਮਾਨਸਿਕ ਕਸ਼ਟ ਤੋਂ ਛੁਟਕਾਰਾ ਪਾਉਣ ਲਈ ਮੌਤ ਨੂੰ ਤਰਜੀਹ..." ਜਦ ਕਿ ਮੈਂ ਆਪਣੇ ਲੇਖ ਵਿਚ ਭਗਤ ਸਿੰਘ ਦੇ ਆਖਰੀ ਦਿਨਾਂ ਤੇ ਪਲਾਂ ਦੇ ਹਵਾਲੇ, ਉਸ ਦੇ ਜੇਲ੍ਹ ਦੇ ਸਾਥੀਆਂ ਮੂੰਹੋਂ, ਦਰਸਾ ਕੇ ਗਰੇਵਾਲ ਦੇ ਇਸ ਮਨਘੜਤ ਦੂਸ਼ਨ ਨੂੰ ਇਕ ਬੜਾ ਵੱਡਾ ਅਨਰਥ ਦੱਸਿਆ ਸੀ।

(6) ਆਖਰੀ ਤੋੜਾ ਝਾੜਦੇ, ਗਰੇਵਾਲ ਇਹ ਹਵਾਲਾ ਦੇਂਦੇ ਹੋਏ ਕਿ "ਉਹ ਆਪਣੀ ਕਬਰ ਆਪ ਪੁਟਦੇ ਹਨ ਜੋ ਸਿਰਫ ਅੱਧਾ ਇਨਕਲਾਬ ਕਰਦੇ ਹਨ" ਕਹਿੰਦਾ ਹੈ ਕਿ ਜਿਨ੍ਹਾਂ ਦੀ 'ਇਕ ਚਪੇੜ ਨਾਲ ਹੀ' ਲਿਆਂਦੇ ਜਾ ਰਹੇ ਇਨਕਲਾਬ ਦੀ 'ਕਲਪਨਾ ਵੀ' ਛਾਈਂ ਮਾਈਂ ਹੋ ਜਾਵੇ, ਉਹਨਾਂ ਨੂੰ ਸੋਢੀ, ਤੂੰ ਕੀ ਆਖੇਂਗਾ ?

ਮੈਂ, ਭਰਾਵਾ, ਇਹ ਆਖਾਂਗਾ—

ਹਰ ਇਕ ਬਾਤ ਪੇ ਕਹਿਤੇ ਹੋ ਤੁਮ ਕਿ 'ਤੂ ਕਿਆ ਹੈ ?'
ਤੁਮ ਹੀ ਕਹੋ ਕਿ ਯੇ ਅੰਦਾਜ਼ੇ-ਗੁਫ਼ਤਗੂ ਕਿਆ ਹੈ !

— ਹਿੰਮਤ ਸਿੰਘ ਸੋਢੀ

o ਗੁਰਦਿਆਲ ਸਿੰਘ ਦੀ ਚਿੱਠੀ ਦੇ ਸੰਬੰਧ 'ਚ : ਇਕ ਵੇਰ ਇਕ ਆਦਮੀ ਅਚਾਣਕ ਸਖਤ ਬਿਮਾਰ ਪੈ ਗਿਆ। ਝੱਟ ਉਸ ਦੇ ਸਾਕ-ਸਨੇਹੀ ਉਸ ਦੁਆਲੇ ਇਕੱਠੇ ਹੋ ਗਏ ਤੇ ਲੱਗੇ ਦਵਾ-ਦਾਰੂ ਦਾ ਉਪਰਾਲਾ ਕਰਨ। ਕਿਸੇ ਦੀ ਰਾਏ ਸੀ ਕਿ ਉਸ ਨੂੰ ਪਾਨਾਂ ਦਾ ਪਾਣੀ ਦਿਤਾ ਜਾਏ ਤੇ ਕੋਈ ਕਹਿ ਰਿਹਾ ਸੀ ਕਿ ਮਰੀਜ਼ ਨੂੰ ਗੰਡਿਆਂ ਦਾ ਪਾਣੀ ਦਿਤਾ ਜਾਏ। ਇਕ ਅਵਾਜ਼ ਆਈ 'ਨਹੀਂ...... ਨਹੀਂ......ਇਸ ਨੂੰ ਕੜਾਹ ਬਣਾ ਕੇ ਦਿਓ।' ਝੱਟ ਮਰੀਜ਼ ਨੇ ਉਸ ਵੱਲ ਤੱਕਿਆ ਤੇ ਉਚੀ ਅਵਾਜ਼ 'ਚ ਕਹਿਣ ਲੱਗਾ, "ਤੁਸੀਂ ਲੋਕ ਮੇਰੇ ਸਰਹਾਣੇ ਸ਼ੋਰ ਕਿਉਂ ਕਰ ਰਹੇ ਹੋ। ਔਹ (ਕੜਾਹ ਦੀ ਗੱਲ ਕਰਨ ਵਾਲੇ ਵੱਲ ਇਸ਼ਾਰਾ ਕਰ ਕੇ) ਵੱਡੇ ਭਾਈ ਦੀ ਗੱਲ ਤਾਂ ਸੁਣੋ।" ਬਿਲਕੁਲ ਉਸ ਮਰੀਜ਼ ਵਾਲੀ ਹਾਲਤ ਹੋ ਗਈ ਲਗਦੀ ਹੈ ਗੁਰਦਿਆਲ ਸਿੰਘ ਜੀ ਦੀ ! (ਉਹਨਾਂ ਦੀ ਚਿਠੀ, ਸੇਧ, ਜੂਨ ਅੰਕ) ਤੇਜਵੰਤ ਮਾਨ ਵਲੋਂ ਕੀਤਾ ਗਿਆ ਮੁਲੰਕਣ (ਉਸ ਦੇ ਨਾਵਲਾਂ ਦਾ) ਗੁਰਦਿਆਲ ਸਿੰਘ ਨੂੰ ਵਾਧੂ ਦਾ ਸ਼ੋਰ ਜਾਪਦਾ ਹੈ ਜਿਸ ਦੀ ਉਨ੍ਹਾਂ ਨੂੰ ਕੋਈ ਸਮਝ ਨਹੀਂ ਪੈਂਦੀ। ਆਮ ਤੌਰ 'ਤੇ ਇਸ ਦੇ ਸ਼ੋਰ ਦੀ ਸਮਝ ਕਿਸੇ (ਜਿਸ ਦੇ ਵੀ ਸਬੰਧ 'ਚ ਇਹ ਸ਼ੋਰ ਪੈ ਰਿਹਾ ਹੋਵੇ) ਨੂੰ ਵੀ ਨਹੀਂ ਪੈਂਦੀ ਹੁੰਦੀ। ਗੁਰਦਿਆਲ ਹੁਰੀਂ ਚੀਕ ਕੇ ਕਹਿੰਦੇ ਹਨ : ਔਹ ਕਿਸ਼ਨ ਸਿੰਘ ਦੀ ਗੱਲ ਸੁਣੋ ਜਿਸ ਅਨੁਸਾਰ ਮੇਰੇ ਨਾਵਲ ਮਾਰਕਸੀ ਚੌਖਟੇ 'ਚ ਪੂਰੇ ਉਤਰਦੇ ਨੇ।' ਅਤੇ ਘਬਰਾਹਟ 'ਚ ਉਹ ਤਾਂ ਇਹ ਵੀ ਕਹਿ ਬੈਠੇ ਨੇ ਕਿ ਤੇਜਵੰਤ ਮਾਨ ਦੀ ਮਾਰਕਸੀ ਸਿਧਾਂਤ ਬਾਰੇ ਸਮਝ ਕਿਸੇ ਵੀ ਪੱਖੋਂ ਕਿਸ਼ਨ ਸਿੰਘ ਨਾਲੋਂ ਵਡੇਰੀ ਨਹੀਂ ਹੋ ਸਕਦੀ। ਗੁਰਦਿਆਲ ਸਿੰਘ ਜੀ ਪੰਜਾਬ ਦੇ ਸ਼ਾਇਦ ਪਹਿਲੇ ਬੁਧੀਜੀਵੀ



ਹਨ ਜਿਹਨਾਂ ਨੇ ਇਕ ਵਿਗਿਆਨਕ ਸਿਧਾਂਤ (ਮਾਰਕਸਵਾਦ) ਦੀ ਸਮਝ ਦੀ ਗੁਰਜ ਇਕ ਵਿਅਕਤੀ ਵਿਸ਼ੇਸ਼ ਦੇ ਮੋਢਿਆਂ 'ਤੇ ਸਜਾਉਣ ਦਾ ਲਿਖਤੀ ਐਲਾਨ ਕੀਤਾ ਹੈ। ਬਹੁਤ ਖ਼ੂਬ !—ਕੁਲਵੰਤ ਗੁਮਾਣਾ

o ਮਾਰਕਸਵਾਦ ਕਿ ਕੋੜ੍ਹਵਾਦ ? ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਪ੍ਰੋ: ਤੇਜਵੰਤ ਮਾਨ ਦਾ ਸੇਧ (3, 4, 5) ਵਿਚ ਛਪਿਆ ਲੇਖ ਪੜ੍ਹ ਕੇ ਮੈਨੂੰ ਏਂਗਲਜ਼ ਦੇ ਉਹ ਸ਼ਬਦ ਯਾਦ ਆ ਰਹੇ ਹਨ ਜਿਹੜੇ ਉਸ ਨੇ 'ਪੱਖਪਾਤੀ ਜਾਂ ਮੰਤਵੀ ਸਾਹਿੱਤ' (tendentious literature) ਦੇ ਅਖੌਤੀ ਮੁੱਦਈਆਂ ਨੂੰ ਝਾੜ ਪਾਉਂਦੇ ਹੋਏ ਕਹੇ ਸਨ : It became more and more the habit, particularly of the inferior sorts of literati, to make up for the want of cleverness in their productions by political allusions which were sure to attract attention. Poetry, novels, reviews, the drama, every literary production teemed with what was called 'tendency.'

Engels, August 1851 : cit. MEL. 119

ਏਂਗਲਜ਼ ਸੂ, ਜਿਸ ਲਈ ਪ੍ਰੋ: ਤੇਜਵੰਤ ਮਾਨ ਵਾਂਗ ਸਾਹਿੱਤ ਵਿਚ ਸਿਆਸਤ ਤੇ ਵਚਨਬਧਤਾ (commitment) ਦੇ ਅਰਥ ਬੜੇ ਪੇਤਲੇ ਤੇ ਸਿੱਧੜ ਸਨ, ਨੂੰ "ਸਮਾਜਵਾਦੀ ਸਾਹਿੱਤ ਦਾ ਅਤੀ ਘ੍ਰਿਣਤ ਗੁਦੜਮਾਲ" (the most wretched offal of Socialist literature) ਗਰਦਾਨਦਿਆਂ ਲਿਖਿਆ ਹੈ : "a worthless fellow, due to lack of talent, has gone to extremes with tendentious junk to show his convictions, but it is really in order to gain audience." Engels, Aug, 1881 cit. MEL. 123

ਤੇਜਵੰਤ ਮਾਨ ਵੀ ਇਸੇ ਬਿਮਾਰੀ ਦਾ ਸ਼ਿਕਾਰ ਹੈ। ਗੁਰਦਿਆਲ ਸਿੰਘ ਦੇ ਨਾਵਲਾਂ ਦੀ ਵਿਗਿਆਨਕ ਪੜਤਾਲ ਕਰਨ ਦੀ ਥਾਂ ਉਹ ਆਪਣੀ ਧਾਰਨਾ ਜਾਂ ਵਿਸ਼ਵਾਸ (conviction) ਦੱਸਣ ਲਈ ਵਧੇਰੇ ਕਾਹਲਾ ਜਾਪਦਾ ਹੈ। ਉਹ ਪਹਿਲਾਂ ਹੀ ਮਿਥੀ ਬੈਠਾ ਹੈ ਕਿ ਉਸ ਨੇ ਕੀ ਸਿੱਧ ਕਰਨਾ ਹੈ। ਮਾਨ ਉਨ੍ਹਾਂ ਜਾਦੂਗਰ ਮਾਰਕਸਵਾਦੀਆਂ ਦੀ ਢਾਣੀ ਵਿਚ ਜਾ ਖੜ੍ਹਦਾ ਹੈ ਜੋ ਆਪਣੇ "ਮਾਰਕਸਵਾਦੀ" ਮੰਤਰ ਨਾਲ ਕਿਸੇ ਰਚਨਾ ਨੂੰ ਮੱਖੀ ਵੀ ਬਣਾ ਸਕਦੇ ਹਨ ਤੇ ਦਿਓ ਵੀ। ਸਮਕਾਲੀ ਯਥਾਰਥ ਤੇ ਉਸ ਦੀ ਡਾਇਲੈਕਟਿਕਸ ਨੂੰ ਸਮਝੇ ਬਿਨਾਂ ਹੀ ਉਹ ਆਪਣੇ ਹੁਕਮਨਾਮਿਆਂ/ਐਲਾਨ-ਨਾਮਿਆਂ ਦੀ ਡੌਂਡੀ ਪਿਟਦੇ ਰਹਿੰਦੇ ਹਨ। ਯਾਂ ਪੋਲ ਸਾਰਤ੍ਰ ਅਜਿਹੇ ਮਾਰਕਸਵਾਦੀਆਂ ਨੂੰ ਹੀ "ਕੋੜ੍ਹੀ ਮਾਰਕਸਵਾਦੀ" ਕਹਿੰਦਾ ਹੈ।

ਸਾਹਿੱਤ ਅਤੇ ਸਿਆਸਤ ਦੇ ਸੰਬੰਧਾਂ ਅਤੇ ਲੇਖਕ ਦੀ ਵਚਨਬਧਤਾ ਤੋਂ ਕੋਈ ਵੀ ਸੂਝਵਾਨ ਸਾਹਿਤਕਾਰ/ਆਲੋਚਕ ਮੁਨਕਰ ਨਹੀਂ ਹੁੰਦਾ, ਤੇ ਨਾ ਹੀ ਗੁਰਦਿਆਲ ਸਿੰਘ ਅਜਿਹਾ ਕਰਦਾ ਹੈ। ਨਾ ਹੀ ਗੁਰਦਿਆਲ ਸਿੰਘ ਦੀ ਰਚਨਾ ਵਿਚੋਂ ਅਜਿਹਾ ਕੋਈ ਸੰਕੇਤ ਮਿਲਦਾ ਹੈ। ਪਰੰਤੂ ਦੁਖਾਂਤ ਇਹ ਹੈ ਕਿ ਤੇਜਵੰਤ ਮਾਨ ਵਰਗੇ "ਮਾਰਕਸਵਾਦੀ" ਆਲੋਚਕਾਂ ਨੂੰ ਸਾਹਿੱਤ ਵਿਚੋਂ ਰਾਜਨੀਤੀ ਜਾਂ ਵਚਨਬਧਤਾ ਉਤਨਾ ਚਿਰ ਨਹੀਂ ਲਭਦੀ ਜਿੰਨਾ ਚਿਰ ਲੇਖਕ ਇਸ ਦਾ ਖ਼ੁਦ ਐਲਾਨ ਨਾ ਕਰੇ ਤੇ ਜਾਂ ਫਿਰ ਉਸ ਦੇ ਮੁਖ ਪਾਤਰ ਧੂਤੂ ਬਣ ਕੇ ਕਮਿਊਨਿਸਟ ਸਿਧਾਂਤਾਂ ਦੀ ਮੁਨਾਦੀ ਨਾ ਕਰਦੇ ਫਿਰਨ। ਉਹ ਇਸ "ਬੁਝਾਰਤ" ਨੂੰ ਸਮਝਣ ਤੋਂ ਅਸਮਰਥ ਹਨ ਕਿ ਜੇ ਸਾਹਿਤਕਾਰ ਸੁਚੇਤ ਤੌਰ 'ਤੇ ਇਹ ਐਲਾਨ ਨਾ ਵੀ ਕਰੇ ਤਾਂ ਵੀ ਉਸ ਦੀ ਰਚਨਾ ਵਿਚ ਅਗਾਂਹ-ਵਧੂ ਸਿਆਸਤ ਤੇ ਵਚਨਬਧਤਾ ਆਪ-ਮੁਹਾਰੇ ਫੁਟ ਸਕਦੀ ਹੈ। ਤਾਲਸਤਾਏ ਸੁਚੇਤ ਤੌਰ 'ਤੇ ਰੂਸੀ ਇਨਕਲਾਬੀ ਲਹਿਰ ਦੇ ਖਿਲਾਫ

ਸੀ, ਪਰ ਫਿਰ ਵੀ ਉਸ ਦੀ ਰਜਨਾ ਨੂੰ ਲੈਨਿਨ ਨੇ "ਰੂਸੀ ਇਨਕਲਾਬ ਦਾ ਸ਼ੀਸ਼ਾ" ਕਹਿ ਕੇ ਸਤਿਕਾਰਿਆ ਹੈ। ਇਸ ਦੇ ਐਨ ਉਲਟ ਇਹ ਸੰਭਵ ਹੈ ਕਿ "ਸਾਹਿਤ ਵਿਚ ਰਾਜਨੀਤੀ ਦੇ ਢੰਡੋਰਚੀਆਂ" ਦੀਆਂ ਲਿਖਤਾਂ ਵਿਚੋਂ ਇਹ ਗੱਲ ਉੱਕਾ ਹੀ ਅਲੋਪ ਹੋਵੇ (ਭਾਵ ਉਸ ਤਰ੍ਹਾਂ ਨਾ ਹੋਵੇ ਜਿਸ ਤਰ੍ਹਾਂ ਮਾਰਕਸਵਾਦ ਸਾਹਿੱਤ ਵਿਚ ਇਸ ਦੀ ਮੰਗ ਕਰਦਾ ਹੈ।) ਜੇ ਸਾਹਿੱਤ ਵਿਚੋਂ ਰਾਜਨੀਤੀ ਤੇਜਵੰਤ ਮਾਨ ਵਾਂਗ ਹੀ ਲਭਣੀ ਹੁੰਦੀ ਤਾਂ ਏਂਗਲਜ਼ ਤੇ ਮਾਰਕਸਵਾਦ "ਪੱਖਪਾਤੀ ਸਾਹਿੱਤ" ਦੇ ਢੰਡੋਰਚੀਆਂ ਨੂੰ "ਸਮਾਜਵਾਦੀ ਸਾਹਿੱਤ ਦਾ ਕੂੜਾ ਕਰਕਟ" ਨਾ ਕਹਿੰਦੇ। ਬਲਜ਼ਾਕ, ਥੈਕਰੇ, ਮਿਸ ਬਰੌਂਟੇ ਅਤੇ ਸ੍ਰੀਮਤੀ ਗੈਸਕੇਲ ਉਨ੍ਹਾਂ ਦੀ ਪ੍ਰਸੰਸਾ ਦੇ ਪਾਤਰ ਕਦੇ ਨਾ ਬਣਦੇ। ਇਨ੍ਹਾਂ ਲੇਖਕਾਂ ਬਾਰੇ ਮਾਰਕਸ ਕਹਿੰਦਾ ਹੈ ਕਿ "ਇਨ੍ਹਾਂ ਦੀਆਂ ਲਿਖਤਾਂ ਵਿਚੋਂ ਸਿਆਸੀ ਤੇ ਸਮਾਜਕ ਸੱਚ, ਕਸਬੀ ਸਿਆਸਤਦਾਨਾਂ, ਪਰਚਾਰਵਾਦੀਆਂ ਅਤੇ ਸਦਾਚਾਰੀਆਂ ਨਾਲੋਂ ਕਿਤੇ ਵੱਧ ਹੈ।" (The English Middle Class)

ਸਾਹਿੱਤ, ਰਾਜਨੀਤੀ ਅਤੇ ਵਚਨਬਧਤਾ ਦੀ ਗੱਲ ਕਰਦਿਆਂ ਮਾਰਕਸ ਅਤੇ ਏਂਗਲਜ਼ ਨੇ ਹਮੇਸ਼ਾਂ "ਸਮਾਜਕ ਅਤੇ ਇਤਿਹਾਸਿਕ ਸੰਕਟ" ਦੀ ਪ੍ਰਫੁਲਤ ਸੂਝ 'ਤੇ ਜ਼ੋਰ ਦਿਤਾ। ਉਹ ਸਿੱਧੜ ਢੰਗ (Simplifying treatment) ਦੇ ਖਿਲਾਫ ਸਨ। ਇਹ ਪ੍ਰਫੁਲਤ ਸਮਝ ਸੁਹਜਾਤਮਕ ਹੋਣੀ ਜ਼ਰੂਰੀ ਹੈ। ਇਸ ਨੂੰ ਲੇਖਕ ਦੀ ਸਮਕਾਲੀ ਸਮਾਜਕ ਸਥਿਤੀ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ।

"The profound understanding of social and historical phenomena is "aesthetically" necessary, and that it is radically connected with social and historical (including political) understanding." Marxism and Literature by Raymond Williams

ਲੇਖਕ ਦੀ ਵਚਨਬਧਤਾ ਗੰਭੀਰ ਹੁੰਦੀ ਹੈ ਅਤੇ ਇਹ ਵਚਨਬਧਤਾ ਸਮਾਜਕ ਯਥਾਰਥ ਪ੍ਰਤਿ ਹੁੰਦੀ ਹੈ।

— ਅਜਮੇਰ ਸਿੰਘ ਔਲਖ

o ਗੁਰਦਿਆਲ ਸਿੰਘ ਦਲੀਲ ਨਾਲ ਗੱਲ ਕਰੇ : ਜੂਨ 1981 ਦੇ ਸੇਧ ਵਿਚ ਗੁਰਦਿਆਲ ਸਿੰਘ ਜੀ ਦਾ ਸੇਧ ਦੇ 'ਗੰਭੀਰ ਪਾਠਕਾਂ' ਨੂੰ ਲਿਖਿਆ ਖ਼ਤ ਪੜ੍ਹਿਆ। ਸਿਰਫ ਸੇਧ ਦਾ ਹੀ ਨਹੀਂ ਸਗੋਂ ਸਮੁਚੇ ਸਾਹਿਤ ਦਾ ਗੰਭੀਰ ਪਾਠਕ ਹੋਣ ਦੇ ਨਾਤੇ ਮੈਂ ਇਹ ਖ਼ਤ ਲਿਖ ਰਿਹਾ ਹਾਂ, ਪਰ ਦੁਖ ਦੀ ਗੱਲ ਇਹ ਹੈ ਕਿ ਮੈਨੂੰ ਇਹ ਖ਼ਤ ਲਿਖਣ ਲਗਿਆਂ ਕੋਈ ਖੁਸ਼ੀ ਨਹੀਂ ਹੋ ਰਹੀ। ਖੁਸ਼ੀ ਤੇ ਤਾਂ ਹੁੰਦੀ ਜੇ ਗੁਰਦਿਆਲ ਸਿੰਘ ਜੀ ਤੇਜਵੰਤ ਮਾਨ ਦੇ ਖੋਜ ਪੱਤਰ "ਗੁਰਦਿਆਲ ਸਿੰਘ ਦੇ ਨਾਵਲਾਂ ਦਾ ਨਾਇਕ" 'ਤੇ ਗੱਲ ਕਰਦੇ। ਦੋਹਾਂ ਵਿਦਵਾਨਾਂ ਦੀ ਗੱਲਬਾਤ 'ਚੋਂ ਕੁਝ ਨਵੇਂ ਨੁਕਤੇ ਉਠਦੇ ਜਿਨ੍ਹਾਂ ਤੋਂ ਸੇਧ ਦੇ ਤੇ ਮੇਰੇ ਵਰਗੇ ਸਾਹਿਤ ਦੇ ਗੰਭੀਰ ਪਾਠਕ ਕੁਝ ਗ੍ਰਹਿਣ ਕਰਦੇ। ਪਰ ਬਹਿਸ ਤਾਂ ਹੁਣ ਨਿਜੀ ਪਧਰ 'ਤੇ ਉਤਰ ਆਈ ਹੈ। ਜਦ ਕੋਈ ਬਹਿਸ ਨਿਜੀ ਪੱਧਰ 'ਤੇ ਉਤਰ ਆਉਂਦੀ ਹੈ ਉਸ ਵਿਚੋਂ ਗੰਭੀਰਤਾ ਪਰ ਲਾ ਕੇ ਉਡ ਜਾਂਦੀ ਹੈ। ਸਵਾਲ ਉਠਦਾ ਹੈ ਕਿ ਨਿਜੀ ਬਹਿਸ ਛੇੜੀ ਕਿਸ ਨੇ ? ਤੇਜਵੰਤ ਮਾਨ ਨੇ ? ਨਹੀਂ, ਤੇਜਵੰਤ ਨੇ ਤਾਂ ਪੇਪਰ ਲਿਖਵਾਉਣ ਵਾਲਿਆਂ ਨੂੰ ਪਹਿਲਾਂ ਹੀ ਕਹਿ ਦਿਤਾ ਸੀ ਕਿ ਇਸ ਵਿਸ਼ੇ 'ਤੇ ਮੇਰੇ ਵਿਚਾਰ ਗੁਰਦਿਆਲ ਸਿੰਘ ਦੇ ਮੇਚ ਨਹੀਂ ਆਉਣੇ ਜਿਸ ਕਰਕੇ ਪੇਪਰ ਕਿਸੇ ਹੋਰ ਤੋਂ ਲਿਖਵਾ ਲਓ ਪਰ ਉਹਨਾਂ ਦੇ ਜ਼ੋਰ ਦੇਣ 'ਤੇ ਪੇਪਰ ਲਿਖ ਦਿਤਾ। ਇਹ ਉਹਦੀ ਗਲਤੀ ਹੀ ਸਹੀ ਕਿਉਂਕਿ ਜਦ ਕਿਸੇ ਵਡੇ ਆਦਮੀ (ਸਥਾਪਤ ਲੇਖਕ) ਨੂੰ ਕੋਈ 'ਛੋਟਾ' (ਗੁਰਦਿਆਲ ਸਿੰਘ ਦੇ ਸ਼ਬਦਾਂ ਵਿਚ) ਆਪਣੀ ਯੋਗ ਰਾਏ ਦਿੰਦਾ ਹੈ ਜਾਂ ਉਸ ਦੀਆਂ ਰਚਨਾਵਾਂ ਦੀ



ਕੋਈ ਘਾਟ ਉਹਦੇ ਸਾਹਮਣੇ ਲਿਆ ਕੇ ਰਖਦਾ ਹੈ ਤਾਂ ਉਹ ਬਹੁਤ ਵਡੀ ਗਲਤੀ ਕਰਦਾ ਹੈ। ਪਰ ਗੁਰਦਿਆਲ ਸਿੰਘ ਤਾਂ ਨਾ ਅਜਿਹੀ ਗਲਤੀ ਕਰਦੇ, ਜਦ ਕਿ ਉਹ ਖੁਦ ਮੰਨਦੇ ਹਨ "ਮੇਰਾ ਵਿਸ਼ਵਾਸ ਹੈ ਕਿ ਨਿਜੀ ਪੱਧਰ 'ਤੇ ਕੀਤੀ ਬਹਿਸ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੁੰਦਾ।" ਫੇਰ ਜੇ ਉਹਨਾਂ ਕੋਲ ਪੇਪਰ 'ਤੇ ਗੱਲ ਕਰਨ ਲਈ ਸਮਾਂ ਨਹੀਂ ਸੀ ਜਾਂ ਉਹ ਚਾਹੁੰਦੇ ਨਹੀਂ ਸਨ (ਪਤਾ ਨਹੀਂ ਕਿਉਂ ?) ਉਹਨਾਂ ਨੂੰ ਤਾਂ 'ਹੋਰ ਬਥੇਰੇ' ਕੰਮ ਨੇ (ਕੀ ਤੇਜਵੰਤ ਵਿਹਲੈ ?) ਫੇਰ ਸੇਧ ਨੂੰ ਪਹਿਲਾ ਖਤ ਲਿਖ ਕੇ ਨਿਜੀ ਪੱਧਰ 'ਤੇ ਬਹਿਸ ਛੇੜਨ ਦੀ ਕੀ ਲੋੜ ਸੀ ? ਉਹਨਾਂ ਨੇ ਪੇਪਰ ਬਾਰੇ ਕਿਹੜੇ ਅਹਿਮ ਸਵਾਲ ਉਠਾਏ ਸਨ ? ਜਿਹੋ ਜਿਹਾ ਸੁਆਲ ਉਠਾਉਂਦਾ, ਜਿਸ ਭਾਸ਼ਾ 'ਚ ਲਿਖਿਆ ਖਤ ਗੁਰਦਿਆਲ ਸਿੰਘ ਜੀ ਦਾ ਸੀ, 'ਉਹੋ ਜਿਹਾ' ਹੀ ਉਤਰ ਤੇਜਵੰਤ ਨੇ ਦਿਤਾ ਅਤੇ ਉਹ ਏਨਾ ਹੀ ਕਰ ਸਕਦਾ ਸੀ। ਚਲੋ ਗੱਲ ਖਤਮ ਹੋ ਗਈ ਸੀ। ਪਰ ਸਰਦਾਰ ਸਾਹਿਬ ਨੇ ਇਕ ਹੋਰ ਢਾਈ ਸਫ਼ੇ ਦਾ ਪਹਿਲੀ ਹੀ ਭਾਸ਼ਾ ਵਿਚ ਖਤ ਲਿਖ ਮਾਰਿਆ। ਇਸ ਵਿਚ ਵੀ ਉਹੀ ਚੱਕੀ ਫੇਰੀ ਗਈ। ਸਰਦਾਰ ਸਾਹਿਬ ਫਰਮਾਉਂਦੇ ਹਨ : "ਉਹਨਾਂ ਦੇ ਤਿੰਨ ਕਿਸ਼ਤਾਂ 'ਚ ਛਪੇ ਲੇਖ ਅਤੇ ਇਸ ਪੱਤਰ ਦੀ ਸਾਰੀ ਸ਼ੈਲੀ ਨਿਜੀ ਵਿਰੋਧ ਵਾਲੀ ਹੈ।" ਸੁਆਲ ਇਹ ਹੈ ਕਿ ਤੇਜਵੰਤ ਨੂੰ ਸਰਦਾਰ ਸਾਹਿਬ ਨਾਲ 'ਨਿਜੀ ਵਿਰੋਧ' ਕਿਹੜੀ ਗੱਲੋਂ ਹੋਇਆ ! ਉਹ ਕਿਹੜੇ ਕਾਰਨ ਸਨ ? ਤੇ ਉਹ ਕਿਹੜੀ ਨਿਜੀ ਚਿੱੜ ਸੀ, ਜਿਸ ਨੂੰ ਉਹ ਤੇਜਵੰਤ ਦੀ ਸਿਧਾਂਤਕ ਧਾਰਨਾ ਨਾਲ ਜੋੜਨਾ ਚਾਹੁੰਦੇ ਸਨ। ਉਹ ਲਿਖਦੇ ਹਨ "ਜੇ ਕਿਸੇ ਸਿਧਾਂਤ ਦਾ ਉਹ ਦਾਹਵਾ ਕਰਦੇ ਹਨ ਤਾਂ ਮੇਰੀ ਰਾਇ ਇਹੋ ਹੈ ਕਿ ਉਹਨਾਂ ਨੂੰ ਪ੍ਰੋ: ਕਿਸ਼ਨ ਸਿੰਘ ਜੀ ਨਾਲੋਂ ਕਿਸੇ ਪਖੋਂ ਵੀ ਮਾਰਕਸਵਾਦੀ ਸਿਧਾਂਤ ਦਾ ਬਹੁਤਾ ਗਿਆਨ ਨਹੀਂ।" ਪਤਾ ਨਹੀਂ ਸ੍ਰ: ਗੁਰਦਿਆਲ ਸਿੰਘ ਜੀ ਪਾਸ ਅਜਿਹਾ ਕਿਹੜਾ ਮੀਟਰ ਹੈ ਜਿਸ ਨਾਲ ਉਹ ਦੋ ਵਿਅਕਤੀਆਂ ਦਾ ਗਿਆਨ ਮਿਣ ਕੇ ਦਸ ਸਕਦੇ ਹਨ ਕਿ ਫਲਾਣੇ ਦਾ ਗਿਆਨ ਫਲਾਣੇ ਨਾਲੋਂ ਜ਼ਿਆਦਾ ਹੈ। ਕਿੰਨਾ ਚੰਗਾ ਹੁੰਦਾ ਜੇ ਸ੍ਰ: ਸਾਹਿਬ ਪ੍ਰੋ: ਕਿਸ਼ਨ ਸਿੰਘ ਜੀ ਤੇ ਤੇਜਵੰਤ ਮਾਨ ਦੇ ਪੇਪਰਾਂ ਵਿਚਲੇ ਵਿਚਾਰਾਂ ਦੇ ਹਵਾਲੇ ਦੇ ਕੇ ਆਪਣਾ ਨਿਰਣਾ ਪਾਠਕਾਂ ਅਗੇ ਪੇਸ਼ ਕਰਦੇ, ਉਹਨਾਂ 'ਤੇ ਫੇਰ ਬਹਿਸ ਹੁੰਦੀ। ਮੈਂ ਇਹ ਨਹੀਂ ਕਹਿੰਦਾ ਕਿ ਤੇਜਵੰਤ ਦੇ ਦਿਤੇ ਨਿਰਣੇ ਹੀ ਅੰਤਮ ਹਨ ਤੇ ਨਾ ਹੀ ਸ੍ਰ: ਗੁਰਦਿਆਲ ਸਿੰਘ ਵਾਂਗੂੰ ਜਿਵੇਂ ਉਹ ਪ੍ਰੋ: ਕਿਸ਼ਨ ਸਿੰਘ ਜੀ ਦੇ ਨਿਰਨਿਆਂ ਨੂੰ ਅੰਤਮ ਨਿਰਨੇ ਮੰਨੀ ਬੈਠੇ ਹਨ, ਕਿਸੇ 'ਸੂਝਵਾਨ' ਵਿਅਕਤੀ ਨੂੰ ਮੰਨਣਾ ਚਾਹੀਦਾ ਹੈ। ਪਰ ਇਕ ਗਲ ਜ਼ਰੂਰ ਕਹਾਂਗਾ ਕਿ ਬਾਘੇ ਪੁਰਾਣੇ ਜਦ ਇਹ ਪੇਪਰ ਪੜ੍ਹਿਆ ਗਿਆ ਸੀ ਤਾਂ ਇਥੇ ਸਾਹਿਤ ਦੇ ਅਜੋਕੇ ਮਾਰਕਸਵਾਦੀ ਚਿੰਤਕ ਜਗਜੀਤ ਸਿੰਘ ਆਨੰਦ, ਡਾ: ਜੋਗਿੰਦਰ ਸਿੰਘ ਰਾਹੀ, ਪ੍ਰਿੰ: ਸੰਤ ਸਿੰਘ ਸੇਖੋਂ, ਡਾ: ਅਮਰ ਸਿੰਘ ਧਾਲੀਵਾਲ, ਸੁਰਜੀਤ ਗਿੱਲ, ਰਘਬੀਰ ਸਿੰਘ 'ਸਿਰਜਨਾ' ਆਦਿ ਹਾਜ਼ਰ ਸਨ ਜਿਨ੍ਹਾਂ ਨੇ ਤੇਜਵੰਤ ਦੀ ਧਾਰਨਾ ਦੀ ਸ਼ਲਾਘਾ ਕੀਤੀ ਸੀ। ਇਥੋਂ ਤਕ ਕਿ ਇਕ ਹੋਰ ਮਾਰਕਸਵਾਦੀ ਵਿਚਾਰਧਾਰਾ ਦੇ ਅਲੰਬਰਦਾਰ ਗੁਰਸ਼ਰਨ ਸਿੰਘ ਨੇ 'ਸਮਤਾ' ਦੇ ਸੰਪਾਦਕੀ ਵਿਚ ਇਕ ਪੂਰਾ ਪੈਰਾ ਤੇਜਵੰਤ ਦੇ ਪੇਪਰ ਬਾਰੇ ਹਾਮੀ ਭਰਦਾ ਲਿਖਿਆ ਸੀ। ਹੁਣ ਸਾਡੇ ਸਾਹਮਣੇ ਇਕ ਸਵਾਲ ਖੜਾ ਹੁੰਦਾ ਹੈ ਕਿ ਕੀ ਉਪਰੋਕਤ ਮਾਰਕਸਵਾਦੀ ਵਿਚਾਰਵਾਨਾਂ ਜਿਨ੍ਹਾਂ ਨੇ ਤੇਜਵੰਤ ਮਾਨ ਦੇ ਪੇਪਰ ਨਾਲ ਸਹਿਮਤੀ ਪ੍ਰਗਟ ਕੀਤੀ ਸੀ ਨੂੰ ਸਹੀ ਮੰਨੀਏ ਜਾਂ ਪ੍ਰੋ: ਕਿਸ਼ਨ ਸਿੰਘ ਦੀਆਂ 'ਡਹੀਆਂ' ਤੇ ਖੜੀ ਸ੍ਰ: ਗੁਰਦਿਆਲ ਸਿੰਘ ਦੀ ਧਾਰਨਾ ਨੂੰ ?

ਅੰਤ ਵਿਚ ਮੈਂ ਤੇਜਵੰਤ ਅਤੇ ਉਪਰੋਕਤ ਮਾਰਕਸਵਾਦੀ ਵਿਚਾਰਵਾਨਾਂ ਨਾਲ ਸਹਿਮਤ ਹੁੰਦਾ ਹੋਇਆ ਸੇਧ ਦਾ ਇਕ ਗੰਭੀਰ ਪਾਠਕ ਹੋਣ ਕਰਕੇ ਸ: ਗੁਰਦਿਆਲ ਸਿੰਘ ਜੀ ਤੋਂ ਇਹ ਉਮੀਦ ਰਖਦਾ ਹਾਂ ਕਿ ਜੇਕਰ ਉਹ ਇਸ ਬਹਿਸ ਦੀ ਲੜੀ ਵਿਚ ਕੁਝ ਲਿਖਣਗੇ ਤਾਂ ਸਿਰਫ ਪੇਪਰ ਬਾਰੇ,

ਦਲੀਲਾਂ ਸਹਿਤ ਤੇਜਵੰਤ ਮਾਨ ਦੀ ਵਿਚਾਰਧਾਰਾ ਨੂੰ ਖੰਡਨ ਕਰਦੇ ਹੋਏ ਲਿਖਣਗੇ। ਪੇਪਰ ਲੇਖਕ ਨੂੰ 'ਸਿਧੜ ਸਮਝ' ਤੇ 'ਅਗਿਆਨੀ' ਕਹਿ ਦੇਣ ਨਾਲ ਗਲ ਨਹੀਂ ਬਣਦੀ। ਇਸ ਨਾਲ ਤਾਂ ਜਿਥੇ ਪੇਪਰ ਲੇਖਕ ਦੀ ਬੇਇਜ਼ਤੀ ਹੈ ਉਥੇ ਪੇਪਰ ਲਿਖਵਾਉਣ ਵਾਲਿਆਂ ਦੀ ਚੋਣ ਦਾ ਵੀ ਮਜ਼ਾਕ ਉਡਦਾ ਹੈ। ਜਦ ਕਿ ਮੇਰੇ ਅਨੁਸਾਰ ਪਹਿਲੀ ਵਾਰੀ ਗੁਰਦਿਆਲ ਸਿੰਘ ਬਾਰੇ ਅਜਿਹਾ ਗੰਭੀਰ ਪਰਚਾ ਤੇਜਵੰਤ ਵਲੋਂ ਲਿਖਿਆ ਗਿਆ ਹੈ।

—ਗੁਰਮੇਲ ਮਡਾਹੜ

o ਮਾਲਵੇ ਦਾ ਬੂਰ ਲੱਦਿਆ ਟੋਭਾ—ਗੁਰਦਿਆਲ ਸਿੰਘ : ਤੇਜਵੰਤ ਮਾਨ ਦੇ ਪ੍ਰਤੀਕਰਮ ਵਲੋਂ ਦੋ ਟਿੱਪਣੀਆਂ 'ਸੇਧ' ਵਿਚ ਆਈਆਂ ਹਨ—ਇਕ ਗੁਰਦਿਆਲ ਸਿੰਘ ਦੀ ਆਪਣੀ ਅਤੇ ਦੂਸਰੀ ਗੁਰਚਰਨ ਫਰੀਦਕੋਟ ਦੀ। ਜਿਥੇ ਗੁਰਚਰਨ ਨੇ ਤੇਜਵੰਤ ਮਾਨ ਦੇ ਨਾਇਕ ਦੇ ਸੰਕਲਪ ਨੂੰ ਸਿੱਧੜ ਜਿਹੀ ਸਿਧਾਂਤਕ ਮਸ਼ਕ ਦੁਆਰਾ ਕਾਊਂਟਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਗੁਰਦਿਆਲ ਸਿੰਘ ਨੇ ਉਹ ਵੀ ਨਹੀਂ ਕੀਤੀ। ਗੁਰਚਰਨ ਦੀ ਨਾਇਕ ਦੇ ਇਮੇਜ ਵਾਲੀ ਧਾਰਨਾ ਤੇਜਵੰਤ ਮਾਨ ਦੀ ਨਾਇਕ ਦੇ ਨਾ ਹਾਰਨ ਵਾਲੀ ਧਾਰਨਾ ਦੀ ਹੀ ਪ੍ਰੋੜਤਾ ਕਰਦੀ ਹੈ। ਭਾਵੇਂ ਗੁਰਚਰਨ ਨੇ ਸਿੱਧ ਇਹ ਕਰਨ ਦੀ ਕੋਸ਼ਿਸ਼ ਕੀਤਾਂ ਹੈ ਕਿ ਗੁਰਦਿਆਲ ਸਿੰਘ ਦੇ ਕੇਂਦਰੀ ਪਾਤਰ (ਨਾਇਕ ਨਹੀਂ) ਢਾਹੂ ਇਮੇਜ ਨਹੀਂ ਛੱਡਦੇ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਨਾਇਕ ਦੀ ਅਣਹੋਂਦ ਗੁਰਚਰਨ ਵੀ ਮੰਨਦਾ ਹੈ, ਭਾਵੇਂ ਇਸ ਦਾ ਕਾਰਨ ਉਹ ਸਮਾਜਕ ਪ੍ਰਸਥਿਤੀਆਂ ਵਿਚੋਂ ਲੱਭਦਾ ਹੈ। ਇਥੋਂ ਤਕ ਗੁਰਚਰਨ ਦੀ ਦਲੀਲ ਭਾਵੇਂ ਕਿਹੋ ਜਿਹੀ ਵੀ ਹੈ, ਪਿੜ ਪੱਲੇ ਪੈਂਦੀ ਹੈ। ਬਾਕੀ ਦੇ ਖਤ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਕਿਸੇ ਦੀ ਪੈੜ 'ਚ ਪੈਰ ਧਰਦਿਆਂ 'ਇਤਿਹਾਸਕ ਵੇਗ','ਲੋਕ-ਹਿਤ ਦੇ ਰਾਹ', 'ਸਮਾਜਕ ਸਥਿਤੀ ਨਹੀਂ ਬਣੀ', 'ਪਟੜੇ ਪਰਨੇ ਮਾਰਨਾ', 'ਨਿਜ਼ਾਮ ਦੀ ਤੋਰੇ ਤੁਰਨ ਵਾਲੇ', 'ਕਦਰਾਂ ਨਾਲ ਰਸਾਈ', 'ਨਾਬਰੀ', 'ਸੱਤਾ ਧਾਰੀ ਨਿਜ਼ਾਮ', 'ਮਨਾਂ ਤੇ ਰਾਜ ਕਰਨਾ', 'ਕਾਬਜ਼ ਨਿਜ਼ਾਮ', ਨਿਰੀਪੁਰੀ ਬਾਹਰਮੁਖੀ ਵਸਤੂ', 'ਨਿਰੋਲ ਪਦਾਰਥਕ ਦੌਲਤ', 'ਮਨੁਖੀ ਰਿਸ਼ਤੇ ਦੀ ਰੇਲ', 'ਪੈਸੇ ਦੀ ਸਰਦਾਰੀ ਦੀ ਜਿੱਤ', 'ਸ਼ਾਹੀ ਜਲਾਲ ਤੋਂ ਰਹਿਬਰੀ ਲੈਣੀ' ਆਦਿ ਸ਼ਾਬਦਿਕ ਢਕੋਂਸਲੇਬਾਜ਼ੀ ਗੰਭੀਰ ਮਾਰਕਸਵਾਦੀ ਚਿੰਤਨ ਦੇ ਖੇਤਰ ਵਿਚ ਨਹੀਂ ਆਉਂਦੀ।

ਸਰਦਾਰ ਗੁਰਦਿਆਲ ਸਿੰਘ ਕੋਲੋਂ ਹੋਰ ਵੀ ਵਧੇਰੇ ਗੰਭੀਰਤਾ ਦੀ ਆਸ ਸੀ। ਪਰ ਉਹ ਬੜੇ ਸਿੱਧੜ ਸਾਬਤ ਹੋਏ ਜਦੋਂ ਉਹ ਕਹਿੰਦੇ ਹਨ "ਉਹਨਾਂ ਨੂੰ, (ਮਾਨ ਨੂੰ) ਪ੍ਰੋ: ਕਿਸ਼ਨ ਸਿੰਘ ਜੀ ਨਾਲੋਂ ਕਿਸੇ ਪਖੋਂ ਵੀ ਮਾਰਕਸਵਾਦੀ ਸਿਧਾਂਤ ਦਾ ਬਹੁਤਾ ਗਿਆਨ ਨਹੀਂ।" ਗੁਰਦਿਆਲ ਸਿੰਘ ਜੀ ਪਾਸ ਮਾਰਕਸਵਾਦੀ ਗਿਆਨ ਦਾ ਕਿਹੜਾ ਪੈਮਾਨਾ ਹੈ ਜਿਸ ਨਾਲ ਉਹਨਾਂ ਇਹ ਪੈਮਾਇਸ਼ ਕੀਤੀ ਹੈ ? ਕੀ ਪਰਚਾ ਲਿਖਣ ਲਈ ਕਿਸ਼ਨ ਸਿੰਘ ਕੋਲੋਂ ਕੋਈ ਲਾਇਸੈਂਸ ਲੈਣਾ ਪੈਂਦਾ ਹੈ ? ਲਗਦਾ ਹੈ ਗੁਰਦਿਆਲ ਸਿੰਘ ਜੀ ਸਿਧਾਂਤਕ ਬਹਿਸ ਦਾ ਰਸਤਾ ਆਪ ਹੀ ਬੰਦ ਕਰਨ ਲਈ ਕਾਹਲੇ ਪੈ ਗਏ ਹਨ ਅਤੇ ਸੇਧ ਦੇ ਗੰਭੀਰ ਪਾਠਕਾਂ ਤੋਂ ਛੁੱਟੀ ਚਾਹੁੰਦੇ ਹਨ। ਖੁਦ ਹੀ ਗਾਲ੍ਹਾਂ ਮਿਹਣਿਆਂ ਤੇ ਉਤਰ ਆਏ ਹਨ ਜਦੋਂ ਕਿ ਉਹਨਾਂ ਦਾ 'ਮਾਨ ਸਾਹਿਬ ਨਾਲ ਕਦੇ ਕੋਈ ਦੋਸਤਾਨਾ ਨਹੀਂ ਰਿਹਾ, ਜਿਹੜਾ ਉਹ ਮਿਹਣੋ ਮਿਹਣੀ ਹੋ ਕੇ ਤੋੜਨਾ ਚਾਹੁੰਦੇ ਹੋਣ। ਨਿੱਜੀ ਕਿੜਾਂ ਤਾਂ ਬਦਲੇ ਖੋਰੀ ਦੀ ਭਾਵਨਾ 'ਚੋਂ ਪੈਦਾ ਹੁੰਦੀਆਂ ਹਨ—ਕਿਸੇ ਮਾਣ-ਹਾਨੀ ਦੇ ਹਿਰਖ ਵਿਚੋਂ। ਤੇਜਵੰਤ ਮਾਨ ਨੂੰ ਕਦੇ ਕੋਈ ਗਿਲਾ ਗੁਰਦਿਆਲ ਸਿੰਘ ਨਾਲ ਰਿਹਾ ਹੋਵੇ, ਸਾਡੇ ਨੋਟਿਸ ਵਿਚ ਨਹੀਂ ਆਇਆ। ਅਦਰਲੀ ਗੱਲ ਜੇ ਕੋਈ ਹੈ, ਤਾਂ ਗੁਰਦਿਆਲ ਸਿੰਘ ਨੂੰ ਪਾਠਕਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ। ਢੱਕੀ ਰਿਝੇ ਕੋਈ ਓ ਬੁੱਝੇ। ਖੁੰਦਕ



ਅਜੇ ਤਾਜ਼ੀ ਹੈ। ਕਾਬੂ ਕੀਤੀ ਜਾ ਸਕਦੀ ਹੈ।

ਗੁਰਦਿਆਲ ਸਿੰਘ ਜੀ ਭਾਵੇਂ ਸਾਹਿਤ ਤੇ ਰਾਜਨੀਤੀ ਦੇ ਸਬੰਧਾਂ ਤੋਂ ਮੁਨਕਰ ਨਹੀਂ ਹੋ ਸਕੇ, ਪਰ ਉਹਨਾਂ ਨੂੰ ਬਕੌਲ ਉਹਨਾਂ ਦੇ, ਮਾਨ ਸਾਹਿਬ ਦੀ 'ਸਿਆਸਤ', ਉਹਨਾਂ ਦੇ 'ਸਾਹਿਤ', ਅਤੇ ਉਹਨਾਂ ਦੁਆਰਾ ਪੇਸ਼ ਸਿਆਸਤ, ਸਾਹਿਤ ਤੇ ਸਮਾਜ ਦੇ ਪੇਤਲੇ ਸਿੱਧੇ ਤੇ ਸਿੱਧੜ ਸਬੰਧਾਂ ਦੀ ਸਮਝ ਨਹੀਂ ਪੈਂਦੀ। ਤੇ ਨਾ ਹੀ ਉਹਨਾਂ ਕਦੇ ਲੋੜ ਮਹਿਸੂਸ ਕੀਤੀ ਹੈ। ਸਮਝ ਨਾ ਪੈਣ ਦੀ ਸਮੱਸਿਆ ਤਾਂ ਬੰਦੇ ਦੇ ਬਹੁਤਾ ਆਪਣੇ ਵੱਸ ਨਹੀਂ ਹੁੰਦੀ, ਪਰ ਇਸ ਦੀ ਲੋੜ ਨਾ ਸਮਝਣਾ ਤਾਂ ਸਿਰੇ ਦੀ ਮੱਕਾਰੀ ਹੈ, (ਗੁਰਦਿਆਲ ਸਿੰਘ ਜੀ ਨਿੱਜੀ ਮਾਮਲਿਆਂ ਵਿਚ ਦਖਲ ਸਮਝ ਕੇ ਖਫ਼ਾ ਨਾ ਹੋਣ) ਉਹਨਾਂ ਦੇ ਅਜਿਹੇ ਰਵੱਈਏ ਕਾਰਨ ਹੀ ਸਿੱਧੀਆਂ ਸਪਾਟ ਉਕਤੀਆਂ ਉਹਨਾਂ ਨੂੰ ਸਿੱਧੜ ਜਾਪਦੀਆਂ ਹਨ ਅਤੇ ਸਾਹਿਤ, ਸਮਾਜ ਤੇ ਸਿਆਸਤ ਦੇ ਸਬੰਧਾਂ ਦੀ ਗਹਿਰਾਈ ਉਨ੍ਹਾਂ ਨੂੰ ਸ਼ਾਬਦਿਕ ਅਡੰਬਰ ਦੇ ਧੁਰ ਹੇਠਾਂ ਹੀ ਮਹਿਸੂਸ ਹੁੰਦੀ ਹੈ (ਦਿਖਾਈ ਨਹੀਂ ਦਿੰਦੀ ਹੋਣੀ) ਤੇਜਵੰਤ ਮਾਨ ਦੇ ਪਰਚੇ ਵਿਚ ਸਮਝ ਨਾ ਆਉਣ ਵਾਲੀ ਕੋਈ ਗੱਲ ਨਹੀਂ ਸੀ।

ਸ: ਗੁਰਦਿਆਲ ਸਿੰਘ ਅਤੇ ਉਹਨਾਂ ਦੀ ਰਚਨਾ ਵਿਚ ਦਿਲਚਸਪੀ ਰੱਖਣ ਵਾਲੇ ਬੁੱਧੀਮਾਨਾਂ ਨੂੰ ਚਾਹੀਦਾ ਹੈ ਕਿ ਤੇਜਵੰਤ ਮਾਨ ਦੁਆਰਾ ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਨਾਇਕ ਦੀ ਭਾਲ ਦੌਰਾਨ ਉਭਾਰੇ ਹੇਠਲੇ ਨੁਕਤਿਆਂ 'ਤੇ ਗੌਰ ਕਰਨ, ਉਹਨਾਂ ਦਾ ਨਿਖੇਧ ਜਾਂ ਪ੍ਰੋੜਤਾ ਕਰਕੇ ਅਗਲੀ ਗੱਲ ਕਰਨ।

1. "ਆਪ ਮਰੇ ਜਗ ਪਰਲੋ ਦੀ ਰੂੜ੍ਹੀ ਮਨੁੱਖੀ ਹੋਂਦ ਦਾ ਨਾਕਾਰਤਾਮਕ ਰੂਪ ਹੈ। ਪਰ ਮਨੁਖ ਦੀ ਕਹਾਣੀ ਆਪਣੀ ਹੋਂਦ ਨੂੰ ਕਾਇਮ ਰਖਣ ਵਿਚ ਹੈ ਨਾ ਕਿ ਚੌਰਾਸੀ ਲਖ ਜੂਨ ਦੀ ਰੂੜ੍ਹੀ ਨੂੰ ਆਤਮਘਾਤ ਦੁਆਰਾ ਸਾਕਾਰ ਕਰਨ ਵਿਚ ਤੇ ਮੁੜ ਪਸ਼ੂ ਬਣਨ ਵਿਚ।"

2. "ਆਪਾ ਫੈਲਾਓ ਅਤੇ ਆਪਾ ਬਚਾਓ ਮਨੁੱਖ ਦੇ ਦੋ ਪਸ਼ੂ ਤਤ ਹਨ ਪਰ ਮਨੁਖ ਇਹਨਾਂ ਤੱਤਾਂ ਤੋਂ ਅੱਗੇ ਵਿਚਾਰਾਤਮਕ ਤੱਤਾਂ ਦੀ ਸਹਾਇਤਾ ਨਾਲ ਦੂਸਰੇ ਦੀ ਮਦਦ ਕਰਨ ਤੇ ਲੈਣ ਤਕ ਜਾਂਦਾ ਹੈ ਜਿਥੇ ਪਸ਼ੂ ਨਹੀਂ ਜਾ ਸਕਦਾ। ਇਸੇ ਨੂੰ ਸਭਿਆਚਾਰ, ਰਾਜਨੀਤੀ ਕਹਿੰਦੇ ਹਨ। ਸਭਿਆਚਾਰ ਤੇ ਰਾਜਨੀਤੀ ਮਨੁੱਖਾਂ ਦੀ ਹੁੰਦੀ ਹੈ ਪਸ਼ੂਆਂ ਦੀ ਨਹੀਂ।"

3. "ਮਨੁੱਖ ਦੀ ਪ੍ਰਾਪਤ ਯਥਾਰਥ ਨਾਲ ਜਦੋਂ ਟੱਕਰ ਹੁੰਦੀ ਹੈ ਤਾਂ ਮਨੁੱਖ ਆਪਣੇ ਦੁਆਲੇ ਅਨੁਸਾਰ ਨਹੀਂ ਢਲਦਾ ਸਗੋਂ ਆਪਣੇ ਦੁਆਲੇ ਨੂੰ ਆਪਣੇ ਅਨੁਸਾਰ ਢਾਲਦਾ ਹੈ। ਮਨੁਖ ਦਾ ਆਪਣੀ (ਇਸ) ਜਿਤ-ਸ਼ਕਤੀ ਵਿਚ ਵਿਸ਼ਵਾਸ਼ ਹੀ ਇੱਛਤ ਯਥਾਰਥ ਦੇ ਸੰਕਲਪ ਨੂੰ ਰੂਪ ਦਿੰਦਾ ਹੈ। ਸਾਹਿਤਕਾਰ ਇਸ ਜਿਤ ਦੀ ਵਿਸ਼ਵਾਸ਼ ਮੂਰਤ ਨੂੰ ਸਿਰਜਦਾ ਹੈ। ਇਹੋ ਅਸਲ ਸਾਹਿਤ ਸਿਰਜਣਾ ਹੈ। ਗੁਰਦਿਆਲ ਸਿੰਘ ਦੇ ਪਾਤਰ ਪ੍ਰਾਪਤ ਯਥਾਰਥ ਨੂੰ ਭੋਗਦੇ ਹਨ।"

4. "ਭਾਰਤੀ ਲੋਕ ਸੰਸਕ੍ਰਿਤੀ ਵਿਚ ਨੇਕੀ ਦੀ ਜਿੱਤ ਅਤੇ ਬਦੀ ਦੀ ਹਾਰ ਦਾ ਸੰਕਲਪ ਬੜਾ ਹੀ ਮਹਤਵਪੂਰਨ ਹੈ। ਨੇਕੀ, ਮਨੁੱਖਾ ਕਰਮ ਜਾਂ ਨਾਇਕ ਕਦੇ ਨਹੀਂ ਹਾਰਦਾ। ਬੇਸ਼ਕ ਯਥਾਰਥ ਵਿਚ ਇਹ ਏਦਾਂ ਹੀ ਹੁੰਦਾ ਹੈ ਉਪਰ ਅਸੀਂ ਕਿੰਤੂ ਕਰ ਸਕਦੇ ਹਾਂ। ਪਰ ਏਦਾਂ 'ਨਾ ਹੋਣ' ਦੇ ਬਾਵਜੂਦ 'ਹੋਣ' ਦੇ ਅਜਨਬੀਕਰਣ ਨੂੰ ਹੀ ਸਾਹਿਤ ਦੇ ਕਰਤੱਵ ਦਾ ਨਾਂ ਦਿਤਾ ਜਾਂਦਾ ਹੈ। ਸਾਹਿਤ ਦਾ ਨਾਇਕ ਕਦੇ ਨਹੀਂ ਹਾਰਦਾ। ਇਸੇ ਮਨੁਖ ਦੀ ਜਿੱਤ ਦੀ ਸ਼ਕਤੀ ਦੀ ਸਿਰਜਣਾ ਨੂੰ ਹੀ ਸਾਹਿਤ ਦੀ ਨਾਇਕ ਧੁਨੀ ਕਿਹਾ ਜਾਂਦਾ ਹੈ।"

5. "ਲੋਕ ਸਾਹਿਤ ਦਾ ਨਿਰਾਸ਼ਾਵਾਦ ਨਾਲ ਦੂਰ ਦਾ ਵੀ ਵਾਸਤਾ ਨਹੀਂ। ਭਾਵੇਂ ਇਸ ਦੇ ਨਾਇਕ ਬੜੇ ਪੀੜਤ ਅਤੇ ਘਾਲਣਾ-ਭਰਿਆ ਜੀਵਨ ਜਿਉਂਦੇ ਹਨ। ਨਿਰਾਸ਼ਾ ਦਾ ਅਥਾਹ ਦੁਖ-ਭਰਪੂਰ

ਵਰਣਨ ਭਾਵੇਂ ਕਿੰਨਾ ਵੀ ਯਥਾਰਥ ਦੇ ਨੇੜੇ ਹੋਵੇ ਨਾਇਕਤਵ ਦੀ ਉਸਾਰੀ ਨਹੀਂ ਕਰ ਸਕਦਾ।''

6. ''ਮਨੁੱਖਾਂ ਵਿਚੋਂ ਮਨੁੱਖਾਂ ਲਈ ਕੀਤੀ ਰਚਨਾ ਹੀ ਅਸਲ ਵਿਚ ਸਾਹਿਤ ਅਖਵਾ ਸਕਦੀ ਹੈ। ਜਦੋਂ ਗਲ ਮਨੁੱਖਾਂ ਲਈ' ਉਤੇ ਅਪੜਦੀ ਹੈ ਤਾਂ ਇਹ ਸਵਾਲ ਪ੍ਰਤੀਬਧਤਾ ਨਾਲ ਜਾ ਬਝਦਾ ਹੈ। ਗੁਰਦਿਆਲ ਸਿੰਘ ਸਾਹਿਤ ਨੂੰ ਕਿਸੇ ਤਰ੍ਹਾਂ ਦੀ ਪ੍ਰਤੀਬਧਤਾ ਤੋਂ ਆਜ਼ਾਦ ਸਮਝਦਾ ਹੈ। ਰੂਸੀ ਰੂਪਵਾਦੀਆਂ ਅਤੇ ਹਰਿਭਜਨ ਸਿੰਘ ਦੇ ਲੇਖਕ ਦੀ ਦੂਰੀ, ਅਲੱਗਤਾ ਦੇ ਸੰਕਲਪ ਨੂੰ ਸਾਕਾਰ ਕਰਨ ਲਈ ਗੁਰਦਿਆਲ ਸਿੰਘ ਆਪਣੇ ਹੀ ਲੋਕਾਂ ਵਿਚੋਂ ਉਹਨਾਂ ਦਾ ਸਾਥ ਦੇਣ ਦੀ ਥਾਂ ਨੇੜੇ ਬੈਠਾ ਹੋਇਆ ਵੀ ਪਰੇ ਪਰੇ ਰਹਿੰਦਾ ਹੈ। ਉਹ ਅਜਨਬੀਕਰਣ ਦੇ ਸੰਰਚਨਾਵਾਦੀ ਰੂਪਵਾਦੀ ਅਰਥਾਂ ਨਾਲ ਤਾਂ ਬੱਝਿਆ ਰਹਿੰਦਾ ਹੈ ਪਰ ਇਸ ਦੇ ਰਾਜਨੀਤਕ ਅਰਥਾਂ ਤੋਂ ਅੱਖਾਂ ਮੀਟ ਲੈਂਦਾ ਹੈ।''

7. ''ਗੁਰਦਿਆਲ ਸਿੰਘ ਦੀ ਅਪ੍ਰਤੀਬਧਤਾ ਵੀ ਉਸ ਦੇ ਨਾਵਲਾਂ ਵਿਚ ਨਾਇਕ ਦੇ ਨਾ ਹੋਣ ਦਾ ਕਾਰਨ ਬਣਦੀ ਹੈ।''

8. ''ਗੁਰਦਿਆਲ ਸਿੰਘ ਯਥਾਰਥ ਦੇ ਨਾਂ ਹੇਠ ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਪ੍ਰਸ਼ਨਾਂ ਤੋਂ ਲਾਂਭੇ ਹੋ ਕੇ ਕਿਰਦਾਰਾਂ ਨੂੰ ਆਪਣੇ ਹੀ ਸੁਤੰਤਰ ਸਾਧਾਰਨ ਮਨੁਖ ਦੀ ਸਾਧਾਰਣਤਾ ਅਤੇ ਕੇਵਲ 'ਮਨੁੱਖਤਾਵਾਦੀ' ਸੰਕਲਪ ਅਨੁਸਾਰ ਪੇਸ਼ ਕਰ ਕੇ ਖਲ-ਨਾਇਕ ਅਤੇ ਨਾਇਕ ਦੋਹਾਂ ਆਪਸੀ ਵਿਰੋਧੀ ਜੁੱਟਾਂ ਨੂੰ ਨਿਗੇਟ ਕਰ ਦਿੰਦਾ ਹੈ।''

9. ''ਪਿੰਡਾਂ ਦੀ ਕਿਰਸਾਣੀ ਅਤੇ ਹਰੀਜਨਾਂ ਵਿਚਲਾ ਪਾੜਾ, ਇਹਨਾਂ ਵਿਚ ਘਿਰਨਾ ਅਤੇ ਡਰ ਦੀ ਭਾਵਨਾ ਨੂੰ ਸਮਝਣਾ ਅਤੇ ਉਸ ਦਾ ਹੱਲ ਲਭਣਾ ਇਨਾਂ ਸੌਖਾ ਨਹੀਂ ਜਿੰਨਾ ਗੁਰਦਿਆਲ ਸਿੰਘ ਸਮਝੀ ਬੈਠਾ ਹੈ।...ਬਿਨਾਂ ਜਮਾਤੀ ਸੂਝ ਦੇ ਕੇਵਲ ਜੱਟ ਹਰੀਜਨ ਦੀ ਲੜਾਈ ਨੂੰ ਆਦਰਸ਼ ਬਣਾਉਣਾ, ਲੜਾਈ ਜਿਸ ਨੂੰ ਸਾਡੇ ਅੱਜ ਦੇ ਬਹੁਤ ਸਾਰੇ ਲੇਖਕ ਉਭਾਰਨਾ ਚਾਹੁੰਦੇ ਹਨ, ਇਕ ਖਤਰਨਾਕ ਰੁਝਾਨ ਹੈ।''

10. ਗੁਰਦਿਆਲ ਸਿੰਘ ਦੇ ਨਾਵਲਾਂ ਬਾਰੇ ਪ੍ਰੋ: ਤੇਜਵੰਤ ਮਾਨ ਨੇ ਲਭੀਆਂ ਇਹ ਰੂੜ੍ਹੀਆਂ :—'' (1) ਮੜ੍ਹੀ ਦਾ ਦੀਵਾ : ਜੋ ਡਾਹਡੇ ਨੂੰ ਮਨਜ਼ੂਰ ਭਰਾਵਾਂ ਸਾਡੇ ਕਰਮ ਈ ਏਵੇਂ ਲਿਖੇ ਸੀ। (2) ਅਣਹੋਏ : ਤੂੰ ਤਾਂ ਕਾਲੀਆ ਸਿਆਣਾ ਬੰਦੈ; ਮਨੁੱਖ ਦੀ ਤਮਾਂ ਕਿਉਂ ਨੀ ਮਾਰਦੀ ਸਾਰੀ ਉਮਰ। (3) ਕੁਵੇਲਾ : ਭਗਵਾਨ ਦਾ ਨਾਉਂ ਲਵੋ, ਉਸ ਦੀ ਰਜਾ 'ਚ ਰਹੋ, ਸਭ ਉਹ ਕਰਨ ਵਾਲਾ ਹੈ (4) ਰੇਤੇ ਦੀ ਇਕ ਮੁੱਠੀ : ਇਹ ਸੰਸਾਰ ਮਾਇਆ ਦੀ ਖੇਡ ਹੈ। ਪੈਸਾ ਬੁਰਸ਼ ਘਸਾ ਕੇ ਨਹੀਂ ਠੱਗੀ ਠੋਰੀ ਨਾਲ ਹੀ ਕਮਾਇਆ ਜਾ ਸਕਦਾ ਹੈ। (5) ਅੱਧ ਚਾਨਣੀ ਰਾਤ : ਕਰੇ ਕਰਾਵੇ ਆਪਿ ਆਪ ਮਾਨਸ ਕੇ ਕਿਛੂ ਨਾਹੀ ਹਾਥ (6) ਆਥਣ ਉੱਗਣ : ਅਕੇ ਭੋਗ ਲੈ ਮਨਾ ਚੁੱਪ ਕਰ ਕੇ ਲਿਖੀਆਂ ਲੇਖ ਦੀਆਂ। (7) ਅੰਨ੍ਹੇ ਘੋੜੇ ਦਾ ਦਾਨ : ਸਬਰ ਕਰੋ, ਸਬਰ ਕਰੋ, ਕੋਈ ਨੀ ਦਾਤਾ ਦੇਖਦੈ।...

ਉਪਰੋਕਤ ਰੂੜ੍ਹੀਆਂ ਦੇ ਫੈਆਅ ਵਿਚ ਹੀ ਗੁਰਦਿਆਲ ਸਿੰਘ ਬੜੇ ਸਲੀਕੇ ਨਾਲ ਆਪਣੇ ਨਾਵਲਾਂ ਵਿਚੋਂ ਪਹਿਲਾਂ ਖਲ-ਨਾਇਕ ਨੂੰ ਨਿਗੇਟ ਕਰਦਾ ਹੈ ਤੇ ਫਿਰ ਨਾਇਕ ਦੀ ਜ਼ਰੂਰਤ ਹੀ ਨਹੀਂ ਰਹਿ ਜਾਂਦੀ ਦੀ ਧਾਰਨਾ ਨੂੰ ਸਥਾਪਤ ਕਰਦਾ ਹੈ।''

ਅੰਤ ਵਿਚ ਪਰਚੇ ਦੇ ਮੰਤਵ ਸਬੰਧੀ ਬਾਘਾ ਪੁਰਾਣਾ ਸਮਾਗਮ ਵਿਚ ਸਟੇਜ ਸਕੱਤਰ ਸਾਹਿਬ ਦੀ ਟਿੱਪਣੀ : ਗੁਰਦਿਆਲ ਸਿੰਘ ਮਾਲਵੇ ਦਾ ਬੂਰ ਨਾਲ ਭਰਿਆ ਟੋਭਾ ਹੈ, ਜਿਸ ਦੀ ਡੂੰਘ ਦਾ ਕੋਈ ਥਹੁ ਪਤਾ ਨਹੀਂ ਲਗਦਾ! ਬੂਰ ਲਾਹੁਣ ਖਾਤਰ ਮਾਨ ਸਾਹਿਬ ਕੋਲੋਂ ਇਹ ਪਰਚਾ ਅਸੀਂ ਲਿਖਵਾਇਆ।

ਅਸੀਂ ਬਾਘੇ ਪੁਰਾਣੇ ਬੜੇ ਚਾਅ ਨਾਲ ਪਹੁੰਚੇ ਸਾਂ ਕਿ ਸ: ਗੁਰਦਿਆਲ ਸਿੰਘ ਜੀ ਪਾਸੋਂ ਉਹਨਾਂ



ਦੀ ਆਪਣੀ ਰਚਨਾ ਸਬੰਧੀ ਚਰਚਾ ਸੁਣਨ ਦਾ ਮੌਕਾ ਮਿਲੇਗਾ, ਕੁਝ ਉਤਰ ਪ੍ਰਤਿ ਉਤਰ ਹੋਣਗੇ, ਨਾਵਲਾਂ ਉਪਰ ਨਵੇਂ ਨਵੇਂ ਕੋਣਾਂ ਤੋਂ ਰੋਸ਼ਨੀ ਪਵੇਗੀ। ਗੁਰਦਿਆਲ ਸਿੰਘ ਦੀ ਗੈਰਹਾਜ਼ਰੀ ਨੇ ਨਾ ਸਿਰਫ ਸਾਨੂੰ ਮਾਯੂਸ ਕੀਤਾ, ਸਗੋਂ ਮੌਕੇ 'ਤੇ ਗੈਰ-ਹਾਜ਼ਰੀ ਨੇ, ਬਹੁ ਗਿਣਤੀ ਦੀ ਰਾਇ ਵਿਚ, ਖੁਦ ਗੁਰਦਿਆਲ ਸਿੰਘ ਨੂੰ ਵੀ ਘਾਟਾ ਪਹੁੰਚਾਇਆ ਹੈ। ਪੰਜਾਬੀ ਦੇ ਚੋਣਵੇਂ ਮਾਰਕਸਵਾਦੀ, ਅਧਮਾਰਕਸਵਾਦੀ ਤੇ ਹੋਰ ਬੁਧੀਮਾਨ ਸੱਜਣ ਸਮਾਗਮ ਵਿਚ ਹਾਜ਼ਰ ਸਨ ਤੇ ਉਹਨਾਂ 'ਚੋਂ ਬਹੁਤਿਆਂ ਨੇ ਮਾਨ ਦੇ ਯਤਨ ਦੀ ਸ਼ਲਾਘਾ ਕੀਤੀ ਸੀ।

—ਜਸਪਾਲ ਸਿੰਘ ਮਾਨ, ਪਟਿਆਲਾ

o ਸੇਧ ਦਾ ਆਰਥਕ ਸੰਕਟ ਅਤੇ ਪਾਠਕ/ਲੇਖਕ : ਅਸਾਂ ਪਿਛਲੇ ਕੁਝ ਮਹੀਨਿਆਂ ਵਿਚ ਸੇਧ ਲਈ ਮਦਦ ਇਕੱਠੀ ਕਰਨ ਵਾਸਤੇ ਬਠਿੰਡਾ, ਫਰੀਦਕੋਟ, ਪਟਿਆਲਾ ਜ਼ਿਲ੍ਹਿਆਂ ਦਾ ਅਤੇ ਚੰਡੀਗੜ੍ਹ ਦਾ ਦੌਰਾ ਕੀਤਾ। ਲਗਭਗ ਚਾਰ ਕੁ ਹਜ਼ਾਰ ਰੁਪਏ ਇਕੱਠੇ ਕੀਤੇ। ਮਦਦ ਦਾ ਲਗਭਗ ਅੱਧਾ ਹਿੱਸਾ ਉਨ੍ਹਾਂ ਲੋਕਾਂ ਕੋਲੋਂ ਆਇਆ ਜਿਨ੍ਹਾਂ ਨਾਲ ਸਾਡੇ ਨਿੱਜੀ ਸੰਬੰਧ ਹਨ ਅਤੇ ਉਹ ਮਾਰਕਸਵਾਦੀ ਵਿਚਾਰਾਂ ਦੇ ਵੀ ਹਨ। ਮਦਦ ਦਾ ਬਾਕੀ ਅੱਧਾ ਹਿੱਸਾ ਨਿਰੋਲ ਨਿੱਜੀ ਸਬੰਧਾਂ ਦੇ ਅਧਾਰ 'ਤੇ ਇਕੱਠਾ ਕੀਤਾ ਗਿਆ। ਤੀਹ ਕੁ ਪਾਠਕਾਂ, ਲੇਖਕਾਂ ਅਤੇ ਸੇਧ ਏਜੰਟਾਂ ਨਾਲ ਸੇਧ ਸਬੰਧੀ ਕੀਤਾ ਗਿਆ ਵਿਚਾਰ ਵਟਾਂਦਰਾ ਸਭ ਨਾਲੋਂ ਜ਼ਿਆਦਾ ਲਾਭਦਾਇਕ ਰਿਹਾ। ਇਸ ਵਿਚਾਰ ਵਟਾਂਦਰੇ ਦੇ ਆਧਾਰ 'ਤੇ ਅਸੀਂ ਹੇਠ ਲਿਖੇ ਸੁਝਾਅ ਦਿੰਦੇ ਹਾਂ :

ਸਭ ਤੋਂ ਮੁੱਖ ਸੁਝਾਅ ਇਹ ਹੈ ਕਿ ਸੇਧ ਵਿਚ ਛਪਣ ਵਾਲਾ ਸਾਹਿਤ ਪਾਠਕਾਂ ਦੇ ਵੱਡੇ ਹਿੱਸੇ ਨੂੰ ਸਮਝ ਅਤੇ ਪਸੰਦ ਆਉਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਧਾਰਨ ਪਾਠਕ ਸੇਧ ਜਾਂ ਅਜਿਹੇ ਹੋਰ ਮਾਰਕਸਵਾਦੀ ਰਸਾਲਿਆਂ ਦ ਪਾਠਕਾਂ ਦਾ ਵੱਡਾ ਹਿੱਸਾ ਹੁੰਦੇ ਹਨ। ਉਨ੍ਹਾਂ ਦੀ ਮੁੱਖ ਪਸੰਦ ਕਹਾਣੀਆਂ, ਨਾਟਕ, ਸਾਦੇ ਲੇਖ ਅਤੇ ਹੋਰ ਅਜਿਹਾ ਸਾਦਾ ਸਾਹਿਤ ਹੁੰਦਾ ਹੈ। ਕੁਝ ਖਾਸ ਵਿਸ਼ਿਆਂ 'ਤੇ ਸਾਹਿਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਉਦਾਹਰਣ ਲਈ ਇਕ ਸੇਧ ਏਜੰਟ ਤੋਂ ਪਤਾ ਲਗਿਆ ਕਿ 'ਸੁਰਖ਼ ਰੇਖਾ' ਰਸਾਲੇ ਦੀਆਂ ਸਭ ਨਾਲੋਂ ਜ਼ਿਆਦਾ ਕਾਪੀਆਂ ਵਿਕਦੀਆਂ ਹਨ ਕਿਉਂਕਿ ਉਸ ਵਿਚ ਨਕਸਲਵਾੜੀ ਸ਼ਹੀਦਾਂ, ਫੌਜੀਆਂ ਆਦਿ ਨਾਲ ਮੁਲਾਕਾਤਾਂ ਛਪਦੀਆਂ ਹਨ। ਠੀਕ ਹੈ ਕਿ ਇਨ੍ਹਾਂ ਪਾਠਕਾਂ ਦੀ ਸਮਝ ਨੂੰ ਹੋਰ ਡੂੰਘਾ ਕਰਨ ਦੀ ਲੋੜ ਹੈ। ਪਰ ਸੇਧ ਨੂੰ ਇਨ੍ਹਾਂ ਦੀ ਸਮਝ ਅਤੇ ਪਸੰਦ ਤੋਂ ਐਨਾ ਵੀ ਅੱਗੇ ਨਹੀਂ ਤੁਰਨਾ ਚਾਹੀਦਾ ਕਿ ਉਹ ਇਸ ਨੂੰ ਪੜ੍ਹਨਾ ਹੀ ਛੱਡ ਦੇਣ।

ਘੱਟ ਸਿਧਾਂਤਕ ਸੂਝ ਵਾਲੇ ਇਹ ਪਾਠਕ ਰਾਜਨੀਤਕ ਪਾਰਟੀਆਂ, ਗਰੁਪਾਂ, ਜਥੇਬੰਦੀਆਂ ਅਤੇ ਹੋਰ ਸੰਸਥਾਵਾਂ ਨਾਲ ਜੁੜੇ ਹੁੰਦੇ ਹਨ। ਸੇਧ ਅਦਾਰੇ ਅਤੇ ਇਸ ਦੇ ਹਿਤੈਸ਼ੀਆਂ ਨੂੰ ਇਨ੍ਹਾਂ ਸੰਸਥਾਵਾਂ ਨਾਲ ਸਬੰਧ ਕਾਇਮ ਕਰਨ ਵਿਚ ਪਹਿਲ ਕਰਨੀ ਚਾਹੀਦੀ ਹੈ। ਇਨ੍ਹਾਂ ਸੰਸਥਾਵਾਂ ਦੀ ਲੀਡਰਸ਼ਿਪ ਨੂੰ ਸੇਧ ਅਦਾਰੇ ਵਿਚ ਕਿਸੇ ਪੱਧਰ 'ਤੇ ਵੱਧ ਤੋਂ ਵੱਧ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਸੇਧ ਅਦਾਰੇ ਨੂੰ ਇਸ ਗੱਲ ਵਿਚ ਵੀ ਪਹਿਲ ਕਰਨੀ ਚਾਹੀਦੀ ਹੈ ਕਿ ਅਜਿਹੇ ਹੋਰ ਰਸਾਲਿਆਂ ਦੇ ਅਦਾਰਿਆਂ ਨਾਲ ਸ਼ਾਮਲ ਹੋ ਕੇ ਇਕ ਰਸਾਲਾ ਕੱਢਣ ਲਈ ਗੱਲਬਾਤ ਤੋਰੀ ਜਾਵੇ ਜਿਹੜੇ ਮਾਰਕਸਵਾਦੀ ਲੇਖਕਾਂ ਵਿਚਾਲੇ ਬਹਿਸ ਲਈ ਫੋਰਮ ਸਥਾਪਤ ਕਰਨ ਦੇ ਮੰਤਵ ਵਜੋਂ ਸ਼ੁਰੂ ਕੀਤੇ ਗਏ ਸਨ। ਕਈ ਅਦ ਰੇ ਘਾਟਾ ਪੈਣ 'ਤੇ ਜਾਂ ਹੋਰ ਕਿਸੇ ਕ ਰਨ ਪਰਚੇ ਬੰਦ ਕਰ ਦਿੰਦੇ ਹਨ ਪਰ ਇਹ ਨਹੀਂ ਕਿ ਉਹ ਕਿਸੇ ਹਮਖਿਆਲ ਰਸਾਲੇ ਵਿਚ ਸ਼ਾਮਲ ਹੋ ਕੇ ਆਪਣਾ ਉਦਮ ਜਾਰੀ ਰਖਣ। ਕੋਈ ਜ਼ਰੂਰੀ ਨਹੀਂ ਕਿ

ਦੂਸਰੇ ਰਸਾਲਿਆਂ ਨਾਲ ਗਲਬਾਤ ਸ਼ਾਮਲ ਹੋਣ ਦੇ ਮੰਤਵ ਵਜੋਂ ਹੀ ਸ਼ੁਰੂ ਕੀਤੀ ਜਾਵੇ। ਆਪਣੀ ਆਪਣੀ ਥਾਂ ਕੰਮ ਕਰ ਰਹੇ ਅਦਾਰੇ ਵੀ ਇਕ ਦੂਜੇ ਲਈ ਸਹਾਈ ਹੋ ਸਕਦੇ ਹਨ। ਉਦਾਹਰਣ ਲਈ ਅਜਿਹੇ ਅਦਾਰੇ ਵੱਖ ਵੱਖ ਸੰਸਥਾਵਾਂ ਨਾਲ ਸਬੰਧ ਕਾਇਮ ਕਰਨ ਦਾ ਉਪਰੋਕਤ ਕੰਮ ਸਾਂਝੇ ਤੌਰ 'ਤੇ ਜ਼ਿਆਦਾ ਸਫਲਤਾ ਨਾਲ ਕਰ ਸਕਦੇ ਹਨ। ਅਜਿਹੇ ਪਰਸਪਰ ਸਬੰਧ ਹੋਣ ਨਾਲ ਭਵਿੱਖ ਵਿਚ ਰਸਾਲੇ ਚੁੱਪ ਚਾਪ ਬੰਦ ਨਹੀਂ ਹੋਣਗੇ, ਬਲਕਿ ਇਕ ਦੂਜੇ ਵਿਚ ਸ਼ਾਮਲ ਹੋਣਾ ਜ਼ਿਆਦਾ ਪਸੰਦ ਕਰਨਗੇ। ਉਪਰੋਕਤ ਕੰਮ ਔਖੇ ਜ਼ਰੂਰ ਹਨ ਪਰ ਅਸੰਭਵ ਨਹੀਂ। ਕੁਝ ਹੱਦ ਤਕ ਜ਼ਰੂਰ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਕਰਨ ਨਾਲ ਸੇਧ ਨਾ ਹੀ ਸਿਰਫ ਪਾਠਕਾਂ ਦੀ ਸਮਝ ਅਤੇ ਪਸੰਦ ਦੇ ਨੇੜੇ ਹੋਵੇਗਾ ਬਲਕਿ ਅੱਡ ਅੱਡ ਵਿਚਾਰਾਂ ਦੇ ਮਾਰਕਸਵਾਦੀ ਲੇਖਕਾਂ ਵਿਚਾਲੇ ਬਹਿਸ ਲਈ ਚੰਗੇ ਹਾਲਾਤ ਪੈਦਾ ਹੋ ਸਕਣਗੇ। ਇਸ ਤਰ੍ਹਾਂ ਹੀ ਸੇਧ ਦੇ ਆਰਥਕ ਸੰਕਟ ਨੂੰ ਪੱਕੀ ਤਰ੍ਹਾਂ ਹੱਲ ਕੀਤਾ ਜਾ ਸਕਦਾ ਹੈ। ਚੰਦੇ ਅਤੇ ਦਾਨ ਦੇ ਰੂਪ ਵਿਚ ਫੰਡ ਇਕੱਠਾ ਕਰ ਕੇ ਇਸ ਦੇ ਸੰਕਟ ਨੂੰ ਕੁਝ ਚਿਰ ਲਈ ਪਿਛੇ ਪਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਕੁਝ ਹੋਰ ਸੁਝਾਅ ਇਹ ਹਨ : (ੳ) ਸੰਪਾਦਕੀ, ਸੇਧ ਵਿਚ ਛਪੇ ਲੇਖਾਂ 'ਤੇ ਟੀਕਾ ਟਿੱਪਣੀ ਲਈ ਨਾ ਵਰਤੀ ਜਾਏ। ਲੇਖਕ ਤਾਂ ਪਹਿਲਾਂ ਹੀ ਅੱਡ ਅੱਡ ਪਾਰਟੀਆਂ ਜਾਂ ਗਰੁੱਪਾਂ ਨਾਲ ਜੁੜੇ ਹੁੰਦੇ ਹਨ। ਇਹ ਇਸ ਪਾੜੇ ਨੂੰ ਹੋਰ ਵਧਾ ਦਿੰਦੀ ਹੈ। (ਅ) ਕੁਝ ਉਘੇ ਵਿਅਕਤੀਆਂ ਨੂੰ ਛੱਡ ਕੇ, ਖਾਸ ਵਿਅਕਤੀਆਂ ਸਬੰਧੀ ਲੇਖ ਨਹੀਂ ਛਾਪੇ ਜਾਣੇ ਚਾਹੀਦੇ। ਜੇ ਕੱਲ ਨੂੰ ਸੇਧ ਨਾਲ ਜੁੜੇ ਲੇਖਕ ਇਕ ਦੂਜੇ ਦੇ ਵਿਰੁਧ ਸੰਪਾਦਕ ਨੂੰ ਲੇਖ ਭੇਜਣ ਲਗ ਪਏ ਤਾਂ ਉਸ ਲਈ ਇਹ ਰਵਾਜ ਚਲਾਉਣਾ ਅਸੰਭਵ ਹੋ ਜਾਏਗਾ। (ੲ) ਲੇਖਾਂ ਵਿਚ ਸਖਤ ਤੇ ਕਾਟਵੇਂ ਸ਼ਬਦਾਂ ਦੀ ਵਰਤੋਂ ਨਹੀਂ ਹੋਣੀ ਚਾਹੀਦੀ ਕਿਉਂਕਿ ਇਨ੍ਹਾਂ ਦਾ ਗੱਲ ਨੂੰ ਅੱਗੇ ਤੋਰਣ ਵਿਚ ਕੋਈ ਰੋਲ ਨਹੀਂ ਹੁੰਦਾ ਬਲਕਿ ਨਾਂਹ-ਮੁਖੀ ਰੋਲ ਹੁੰਦਾ ਹੈ। (ਸ) ਇਹ ਕੋਸ਼ਿਸ਼ ਕੀਤੀ ਜਾਵੇ ਕਿ ਕਿਸ਼ਤਾਂ ਵਾਲੇ ਲੇਖਾਂ ਦੇ ਵਿਚ ਵਿਚਾਲੇ ਲੜੀ ਨਾ ਟੁੱਟੇ। ਸੇਧ ਅਦਾਰੇ ਨੂੰ ਇਸ ਸਬੰਧ ਵਿਚ ਪਾਠਕਾਂ ਦਾ ਹਿੱਤ ਲੇਖਕਾਂ ਦੇ ਹਿੱਤ ਨਾਲੋਂ ਮੁੱਖ ਰਖਣਾ ਚਾਹੀਦਾ ਹੈ।

ਉਪਰੋਕਤ ਸੁਝਾਵਾਂ ਤੋਂ ਬਗੈਰ, ਕੁਝ ਪਾਠਕਾਂ ਅਤੇ ਲੇਖਕਾਂ ਵਲੋਂ ਸੇਧ ਦੀ ਆਲੋਚਨਾ ਕੀਤੀ ਗਈ ਜਿਸ ਦਾ ਅਸੀਂ ਏਥੇ ਹੀ ਜਵਾਬ ਦੇਣਾ ਠੀਕ ਸਮਝਦੇ ਹਾਂ। ਉਨ੍ਹਾਂ ਅਨੁਸਾਰ ਸੇਧ ਵਿਚ ਕੁਝ ਅਜਿਹੇ ਲੇਖ ਛਪਦੇ ਹਨ ਜੋ ਜਾਂ ਤਾਂ ਮਾਰਕਸਵਾਦੀ ਵਿਚਾਰਧਾਰਾ ਤੋਂ ਥਿੜਕੇ ਹੋਏ ਹੁੰਦੇ ਹਨ ਜਾਂ ਉਨ੍ਹਾਂ ਦੀ ਪਾਠਕਾਂ ਦੇ ਵੱਡੇ ਹਿੱਸੇ ਲਈ ਕੋਈ ਮਹੱਤਤਾ ਨਹੀਂ ਹੁੰਦੀ। ਇਸ ਸਬੰਧ ਵਿਚ ਅਸੀਂ ਤਿੰਨ ਗੱਲਾਂ ਕਹਿਣੀਆਂ ਚਾਹਾਂਗੇ। ਪਹਿਲੀ ਇਹ ਕਿ ਜੇ ਕੁਝ ਲੇਖਾਂ ਵਿਚ ਪਾਠਕਾਂ ਦੇ ਇਕ ਹਿੱਸੇ ਨੂੰ ਕਮੀਆਂ ਨਜ਼ਰ ਆਉਂਦੀਆਂ ਹਨ ਤਾਂ ਕੋਈ ਜ਼ਰੂਰੀ ਨਹੀਂ ਇਹ ਬਾਕੀ ਸਾਰੇ ਪਾਠਕਾਂ ਦੇ ਪੱਖੋਂ ਵੀ ਕਮੀਆਂ ਹੋਣ। ਇਹ ਗੱਲ ਸਾਨੂੰ ਵੱਖ ਵੱਖ ਪਾਠਕਾਂ ਅਤੇ ਲੇਖਕਾਂ ਨਾਲ ਕੀਤੇ ਵਿਚਾਰ-ਵਟਾਂਦਰੇ ਤੋਂ ਸਾਹਮਣੇ ਆਈ। ਦੂਸਰੀ ਗੱਲ ਇਹ ਕਿ ਜੇ ਪਾਠਕਾਂ ਅਤੇ ਲੇਖਕਾਂ ਦੇ ਇਕ ਹਿੱਸੇ ਨੂੰ ਕਿਸੇ ਲੇਖ ਵਿਚ ਘਾਟ ਨਜ਼ਰ ਆਉਂਦੀ ਹੈ ਤਾਂ ਉਹ ਉਸ ਲੇਖ ਦੀ ਆਲੋਚਨਾ ਕਰ ਕੇ ਸੇਧ ਸੰਪਾਦਕ ਨੂੰ ਸੂਚਿਤ ਕਰੇ ਅਤੇ ਜਵਾਬ ਮੰਗੇ ਨਾ ਕਿ ਸੇਧ ਪੜ੍ਹਨਾ ਛੱਡ ਦੇਵੇ। ਤੀਸਰੀ ਗੱਲ ਇਹ ਹੈ ਕਿ ਜਿੰਨੇ ਲੇਖ ਛਪਣ ਵਾਸਤੇ ਜ਼ਿਆਦਾ ਆਉਣਗੇ, ਉਨੇ ਹੀ ਚੰਗੇ ਲੇਖ ਛਪਣ ਦੀਆਂ ਸੰਭਾਵਨਾਵਾਂ ਹੋਰ ਵਧਣਗੀਆਂ।

—ਅਮਿੰਦਰ ਪਾਲ ਸਿੰਘ, ਬੁਢਲਾਡਾ



**ਗਲਤੀਆਂ ਲਈ ਖਿਮਾਂ** : ਜੂਨ ਅੰਕ ਵਿਚ ਤਾਰਾ ਸਿੰਘ ਸੰਧੂ ਦੇ ਲੇਖ "ਪੰਜਾਬ ਦੀ ਵਿਦਿਆਰਥੀ ਲਹਿਰ : ਇਕ ਵਿਸ਼ਲੇਸ਼ਣ, ਇਕ ਦ੍ਰਿਸ਼ਟੀਕੋਣ !" ਵਿਚ ਪਰੂਫ ਰੀਡਿੰਗ ਦੀਆਂ ਗਲਤੀਆਂ ਰਹਿ ਗਈਆਂ ਹਨ, ਜਿਸ ਦਾ ਸਾਨੂੰ ਅਫਸੋਸ ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੇਰੀ ਅੱਖਾਂ ਦੀ ਤਕਲੀਫ ਚਲ ਰਹੀ ਹੈ। (ਮੈਂ ਆਪ ਹੁਣ ਪਰੂਫ ਰੀਡਿੰਗ ਨਹੀਂ ਕਰ ਰਿਹਾ) ਅੱਖਾਂ ਦਾ ਔਪ੍ਰੇਸ਼ਨ ਕਰਵਾਉਣਾ ਹੈ। ਔਪ੍ਰੇਸ਼ਨ ਹੋ ਜਾਣ ਤੋਂ ਪਿਛੋਂ ਵੀ ਘਟੋ ਘਟ ਦੋ ਮਹੀਨੇ ਮੈਂ ਇਹ ਕੰਮ ਨਹੀਂ ਕਰ ਸਕਾਂਗਾ। ਜਾਂ ਤਾਂ ਦੋ ਅੰਕ ਹੀ ਨਾ ਕਢੇ ਜਾਣ ਅਤੇ ਜਾਂ ਸਾਥੀਆਂ ਦੀ ਮਦਦ ਨਾਲ ਅੰਕ ਕਢੇ ਜਾਣ (ਭਾਵੇਂ ਉਹਨਾਂ ਵਿਚ ਛੋਟੇ ਮੋਟੇ ਨੁਕਸ ਰਹਿ ਵੀ ਜਾਣ) ਇਹਨਾਂ ਦੋ ਰਾਹਾਂ ਵਿਚੋਂ ਇਕ ਹੀ ਅਸੀਂ ਚੁਣ ਸਕਦੇ ਹਾਂ। ਸੇਧ ਦੇ ਲੇਖਕ ਤੇ ਪਾਠਕ, ਆਸ ਹੈ, ਮੇਰੇ ਨਾਲ ਸਹਿਮਤ ਹੋਣਗੇ ਕਿ ਪਰਚਾ ਬਾਕਾਇਦਗੀ ਨਾਲ ਨਿਕਲਦਾ ਰਹਿਣਾ ਚਾਹੀਦਾ ਹੈ ਭਾਵੇਂ ਉਸ ਵਿਚ ਕੁਝ ਕਮੀਆਂ, ਕੁਝ ਤਰੁਟੀਆਂ ਰਹਿ ਵੀ ਜਾਣ। ਭਰਾਵੋ, ਕੋਸ਼ਸ਼ ਪੂਰੀ ਹੋਵੇਗੀ ਕਿ ਗਲਤੀਆਂ ਆਦਿ ਨਾ ਰਹਿਣ...ਪਰ ਭਾਈ, ਜੇ ਰਹਿ ਵੀ ਜਾਣ ਤਾਂ ਰਤਾ ਦਰਗੁਜ਼ਰ ਕਰਿਆ ਜੇ।

ਉਪਰੋਕਤ ਲੇਖ ਦੇ ਜੋ ਕੁਝ ਪੈਰੇ ਅਸਾਂ ਨਹੀਂ ਛਾਪੇ ਤਾਂ ਪੂਰੀ ਜ਼ਿੰਮੇਵਾਰੀ ਨਾਲ ਨਹੀਂ ਛਾਪੇ। ਵਿਦਿਆਰਥੀ ਲਹਿਰ ਬਾਰੇ ਅਸੀਂ ਛੇਤੀ ਹੀ ਆਪਣੇ ਵਲੋਂ ਕੁਝ ਕਹਾਂਗੇ ਤੇ ਉਸ ਲੇਖ ਵਿਚ ਹੀ ਇਸ ਗੱਲ ਦਾ ਜੁਆਬ ਆ ਜਾਵੇਗਾ ਕਿ ਅਸੀਂ ਕੁਝ ਪੈਰੇ ਕਿਉਂ ਕਟ ਦਿਤੇ ਸਨ।

ਫਿਲਹਾਲ ਪਾਠਕ ਉਸ ਲੇਖ ਵਿਚਲੀਆਂ ਪਰੂਫ ਰੀਡਿੰਗ ਦੀਆਂ ਗਲਤੀਆਂ ਦੀ ਸੁਧਾਈ ਕਰ ਲੈਣ :

| ਸਫਾ | ਸਤਰ | ਗਲਤ ਛਪਿਆ | ਸਹੀ |
|---|---|---|---|
| 25 | 15ਵੀਂ | ਪਾਕਿਸਤਾਨ | ਖਾਲਿਸਤਾਨ |
| 30 | 12ਵੀਂ | ਸਤ | ਸਭ |
| 31 | 9ਵੀਂ | ਤੀਹ | ਡੀਨ |
| 31 | 18ਵੀਂ | ਪੀ.ਐਸ.ਯੂ ਤੇ | ਪੀ.ਐਸ.ਯੂ ਉਤੇ |
| 34 | 12ਵੀਂ | ਪੜ੍ਹੋ : ਜਿਸ ਖੇਤਰ ਵਿਚ ਵਿਦਿਆਰਥੀ ਪਰਤ ਤਕੜੀ ਦਿਲਚਸਪੀ ਲੈਂਦੀ ਹੈ... | |
| 35 | 15ਵੀਂ | 9-11-12 ਅਤੇ 14 | 10-11-12-14 |

---

## ਪ੍ਰਾਪਤ ਪੁਸਤਕਾਂ

- ਕੱਚੇ ਘਰ (ਨਾਵਲ); ਸਵਰਨ ਚੰਦਨ, ਨਿਊ ਏਜ ਬੁਕ ਸੈਂਟਰ, ਅਮ੍ਰਿਤਸਰ; ਸਫੇ 244; ਮੁੱਲ : 30 ਰੁਪੈ।
- ਗੁਆਚੇ ਘਰ ਦੀ ਤਲਾਸ਼ (ਲੰਮੀ ਕਵਿਤਾ); ਜਗਤਾਰ ਢਾਅ (ਲੰਡਨ), ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ; ਸਫੇ 69; ਮੁੱਲ : 12 ਰੁਪਏ।
- ਅਜਮੇਰ ਸਿੰਘ ਔਲਖ ਦੇ ਨਾਟਕਾਂ ਦੀ ਪੁਸਤਕ ਬਗਾਨੇ ਬੋਹੜ ਦੀ ਛਾਂ ਅਤੇ ਜੋਗਾ ਸਿੰਘ ਦੀ ਸੰਪਾਦਤ ਪੁਸਤਕ ਸਾਰੇ ਪਾਗਲ ਦੇ ਪ੍ਰਕਾਸ਼ਕ ਲੋਕਾਇਤ ਪ੍ਰਕਾਸ਼ਨ, ਐਸ.ਸੀ.ਓ. 57-59, ਸੈਕਟਰ 17-ਸੀ, ਚੰਡੀਗੜ੍ਹ ਹਨ।

LET THE POWER CUT NOT

EFFECT YOUR PRODUCTION USE

**KENBAR**

* Switch Fuse Units
  Change-over Switches
* Distribution Boards

—Tested from N.P.L., N.T.H. CRRI. IIT, BOMBAY
—On the approved list of D.G.S.S.D., C.P.W.D., M.E.S. and various Electricity Boards

Manufacturers :

KENBAR & COMPANY
E-49/5 Okhla Industrial Area, Ph. II
New Delhi-20
Ph. Nos. 632406, 633469



# ਮੇਰੀ ਜਿੰਦਗੀ ਦੇ ਸਭ ਤੋਂ ਪਿਆਰੇ ਸੁਪਨੇ..



## ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਚੇ ਦਾ ਸੁਨਹਿਰਾ ਭਵਿੱਖ । ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ । ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ । ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ । ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ । ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ ।

ASP/PSB/202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ

**ਪੰਜਾਬ ਐਂਡ ਸਿੰਧ ਬੈਂਕ**

(ਭਾਰਤ ਸਰਕਾਰ ਦਾ ਇਕ ਅਦਾਰਾ)

SEDH July, 1981
Registered with the Registrar of Newspapers Regd. No. D (SE) 001
for India—Registration No. 23895/72


# ITHAD MOTOR TRANSPORT PVT. LTD.
# "K" GROUP

(PIONEER BUS SERVICE OF THE CAPITAL)

Flat No. 7, Gokhale Market, Delhi-6

Phones : H.O. 223740. Interstate Bus Stand 225931. Resi. 258489

I......Inter-State Tours, Local Sight-Seeing, Marriage and Holiday Parties—a Speciality.

T......Time—Your watch may run late but not the buses of ITHAD "K".

H......Happy and Comfortable journey in the latest De-luxe Buses.

A......As Efficient, Dependable—Prompt and Punctual as APOLLO-II.

D......Daily from 5.00 A.M. to 6.15 P.M.—25 minutes Service between DELHI—SONEPAT—PANIPAT.

"K"...King of Bus Services in Delhi.